# ਮਡਿਊਲ ੪

# ਵਾਤਾਵਰਣ ਸਿੱਖਿਆ ਦਾ ਟੀਚਰ ਟ੍ਰੇਨਿੰਗ ਮਡਿਊਲ



## ਵਾਤਾਰਣ ਸਿੱਖਿਆ (ਅਧਿਐਨ) ਦੀ ਪੈਡਾਗੋਜੀ

## (ਪ੍ਰਮੁੱਖ/ਮੁੱਖਬੰਧ)

ਇਹ ਮਡਿਊਲ ਪ੍ਰਾਇਮਰੀ ਪੱਧਰ ਤੇ ਵਾਤਾਵਰਣ ਅਧਿਐਨ (EVS) ਦੇ ਸਿੱਖਣ ਸਿਖਾਉਣ ਲਈ ਚਿੰਤਨ ਕਰਣ ਲਈ ਵੱਖ-ਵੱਖ ਜਰੂਰੀ ਪਹਿਲੂਆਂ ਨੂੰ ਪ੍ਰਸਤੁਤ ਕਰਦਾ ਹੈ। ਇਹ ਹੇਠ ਲਿਖਿਆਂ ਕੇਂਦਰ ਬਿੰਦੂਆਂ ਤੇ ਚਰਚਾ ਕਰਦਾ ਹੈ।

- ਮਡਿਊਲ ਦੇ ਸਿੱਖਣ ਦੇ ਉਦੇਸ਼
- ਪ੍ਰਾਇਮਰੀ ਪੱਧਰ ਤੇ ਕੁਦਰਤੀ, ਸਥਿਤੀ ਅਤੇ ਪਾਠਕ੍ਰਮ ਸਬੰਧੀ ਜਰੂਰਤਾਂ
- ਸਿੱਖਣ ਦੇ ਪ੍ਰਤੀਫਲ ਅਤੇ ਸਿਖਾਉਣ ਦਾ ਦ੍ਰਿਸ਼ਟੀਕੋਣ
- (ਪੈਡਾਗੋਜੀ) ਸਿੱਖਣ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਾਉਣ ਲਈ 'ਪਾਣੀ' ਵਿਸ਼ਾ (ਥੀਮ ਨੂੰ ਇਕ ਉਦਾਹਰਣ ਦੇ ਰੂਪ ਵਿਚ ਲਿਆ ਗਿਆ ਹੈ।
- ਵਿਭਿੰਨਤਾਵਾਂ, ਜੈਂਡਰ, ਕਲਾ ਅਤੇ ਖੂਬਸੂਰਤੀ (ਸੁੰਦਰਤਾ), ਮੁੱਲਾਂ ਆਦਿ ਵਰਗੇ ਮੁਦਿਆਂ ਦੀ ਦੇਖ-ਰੇਖ ਦੇ ਵੀ (ਸੰਭਵ, ਜਿਥੋਂ ਤੱਕ ਹੋ ਸਕੇ ਅਤੇ ਸਮੁੱਚੇ ਤੌਰ ਤੇ ਕੋਸ਼ਿਸ ਕੀਤੀ ਗਈ ਹੈ।)
- ਟ੍ਰੇਨਿੰਗ ਪ੍ਰੋਗਰਾਮ ਵਿਚ ਭਾਗ ਲੈਣ ਵਾਲਿਆਂ ਲਈ ਗਤੀਵਿਧੀਆਂ, ਜੋ ਉਹਨਾਂ ਦੇ ਸਿਖਾਉਣ ਤਰੀਕਿਆਂ ਦੇ ਨਾਲ-ਨਾਲ ਈ.ਵੀ.ਐਸ ਦੇ ਵੱਖ-ਵੱਖ ਵਿਸ਼ਿਆਂ ਉਪਰ ਗਿਆਨ ਪ੍ਰਤੀ ਅੰਤਰ-ਸਮਝ ਵਿਕਸਿਤ ਕਰਣ ਲਈ ਮਦਦ ਕਰਦਾ ਹੈ।
- ਮਡਿਊਲ ਵਿਚ ਇਹ ਵੀ ਸ਼ਾਮਿਲ ਹੈ ਕਿ ਸਿੱਖਣ-ਸਿਖਾਉਣ ਪ੍ਰਕ੍ਰਿਆ ਦੇ ਨਾਲ ਮੁਲਾਂਕਣ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਇਕ ਵੱਖਰੀ ਗਤੀ-ਵਿਧੀ ਦੇ ਰੂਪ ਵਿਚ ਨਹੀਂ ਮੰਨਿਆ ਜਾ ਸਕਦਾ ਹੈ।

### ਸਿੱਖਣ ਦੇ ਉਦੇਸ਼

ਇਸ ਮਡਿਊਲ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਯੋਗ ਹੋਵੋਗੇ:-

- ਮੁੱਢਲੇ ਪੱਧਰ ਤੇ ਈ.ਵੀ. ਐਸ ਦੀ ਇੱਕ (ਏਕੀਕ੍ਰਿਤ) ਪਾਠਕ੍ਰਮ ਖੇਤਰ ਦੇ ਰੂਪ ਵਿਚ ਪ੍ਰੰਸ਼ਸਾ ਕਰਣ ਹਿਤ
- ਪਾਠਕ੍ਰਮ ਵਿਚ ਸ਼ਾਮਿਲ ਇਸਦੇ ਉਦੇਸ਼ਾਂ ਨੂੰ ਸੰਕਲਪ ਅਤੇ ਮੁੱਦਿਆਂ ਦੇ ਨਾਲ ਜੋੜਨ ਅਤੇ ਵਰਨਣ ਕਰਨ ਹਿਤ
- ਪਾਠ ਪੁਸਤਕਾਂ ਵਿਚ ਮੁੱਢਲੇ ਸੰਕਲਪਾਂ ਅਤੇ ਮੁੱਦਿਆਂ ਪਤਾ ਲਗਾਉਣਾ ਅਤੇ ਜਮਾਤ ਵਿਚ ਉਹਨਾਂ ਦੇ ਸੰਚਾਰ ਵੱਖ-ਵੱਖ ਵਿਧੀਆਂ ਦੇ ਬਾਰੇ ਜਾਨਣਾ।
- ਸੰਦਰਭ ਦੀ ਯੋਜਨਾ, ਰੂਪ ਰੇਖਾ ਤਿਆਰ ਕਰਨ ਅਤੇ ਬੱਚਿਆਂ ਲਈ ਵਿਸ਼ੇਸ਼ ਸਿੱਖਣ ਦੇ ਅਨੁਭਵਾਂ ਦੀ ਜਰੂਰਤ।
- ਸਾਰੇ ਵਿਦਿਆਰਥੀਆਂ ਨੂੰ ਸਾਰਥਕ ਰੂਪ ਵਿਚ ਇੱਕਠਿਆਂ ਖਾਸ ਸਿੱਖਣ ਤਰਜਬੇ ਲਈ ਮੌਕਿਆਂ ਦੀ ਯੋਜਨਾ ਕਰਣੀ।ਈ.ਵੀ.ਐਸ ਵਿਚ ਸਿੱਖਣ ਉਪਰੰਤ ਨਤੀਜਿਆਂ ਦੇ ਨਾਲ ਸਿੱਖਣ ਪ੍ਰਗਤੀ ਦੀ ਰੂਪ ਰੇਖਾ ਬਣਾਉਣ ਲਈ ਵੱਖ-ਵੱਖ ਮੁਲਾਂਕਣ ਰਣਨੀਤੀਆਂ ਦੀ ਵਰਤੋਂ ਕਰਣੀ।

### ਪਾਠਚਰਿਆ ਖੇਤਰ ਵਿਚ ਵਾਤਾਵਰਣ ਸਿੱਖਿਆ ਦਾ ਅਧਿਐਨ:

NCF (2005) EVS ਨੂੰ ਜਮਾਤ ਤੀਜੀ ਤੋਂ ਪੰਜਵੀਂ ਤਕ ਇੱਕ ਅਜਿਹੇ ਵਿਸ਼ੇ ਦੇ ਰੂਪ ਵਿਚ ਦੇਖਣਾ ਹੈ ਜੋ ਵਿਗਿਆਨ (ਕੁਦਰਤੀ ਅਤੇ ਭੌਤਿਕ) ਸਮਾਜਿਕ ਅਧਿਐਨ (ਕੁਦਰਤੀ, ਭੌਤਿਕ, ਸਮਾਜਿਕ ਸੰਸਕ੍ਰਿਤਿਕ) ਅਤੇ ਵਾਤਾਵਰਣ ਸਿੱਖਿਆ ਦੀ ਅਵਧਾਰਨਾਵਾਂ ਅਤੇ ਮੁੱਦਿਆਂ ਨੂੰ ਸਮਾਵੇਸ਼ਿਤ ਕਰਦਾ ਹੈ। ਕਿਸ਼ੋਰ ਵਿਦਿਆਰਥੀ ਲਈ ਪਾਠਚਰਿਆ (framework) ਦਾ ਭਾਰ ਘੱਟ ਕਰਣ ਲਈ ਇਸਨੂੰ ਜਮਾਤ ਪਹਿਲੀ ਅਤੇ ਦੂਜੀ ਵਿਚ ਇਕ ਵੱਖਰੇ

ਪਾਠ-ਕ੍ਰਮ ਖੇਤਰ ਦੇ ਰੂਪ ਵਿਚ ਨਹੀਂ ਲਿਆ ਗਿਆ। ਇਸ ਨਾਲ ਸਬੰਧਤ ਮੁਦਿਆਂ ਅਤੇ ਚਿੰਤਾਵਾਂ ਨੂੰ ਧਿਆਨ ਵਿਚ ਰੱਖਦੇ ਇਸਨੂੰ ਭਾਸ਼ਾ ਅਤੇ ਗਣਿਤ ਦਾ ਭਾਗ ਬਣਾਇਆ ਗਿਆ ਹੈ।

ਪ੍ਰਾਇਮਰੀ ਪੱਧਰ ਤੇ EVS ਵਿਚ ਬੱਚਿਆਂ ਨੂੰ ਉਹਨਾਂ ਦੇ ਪ੍ਰਵੇਸ਼ ਵਿਚ ਅਸਲੀ ਸਥਿਤੀਆਂ ਨਾਲ ਜੋੜਨ ਵਿਚ ਮੱਦਦ ਕਰਣ, ਉਹਨਾਂ ਬਾਰੇ ਜਾਗਰੂਕ ਕਰਣ, ਉਹਨਾਂ ਦੀ ਪ੍ਰਸੰਸ਼ਾ ਕਰਣ ਅਤੇ ਮੌਜੂਦਾ ਵਾਤਾਵਰਣ ਦੇ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਬਣਾਉਣ ਦੀ ਪਰਿਕਲਪਨਾ ਕੀਤੀ ਗਈ ਹੈ। ਬੱਚਿਆਂ ਦੇ ਨੇੜੇ ਦੇ ਕੁਦਰਤੀ, ਭੌਤਿਕ, ਸਮਾਜਿਕ ਸਥਿਤੀਆਂ ਅਤੇ ਸੰਸਕ੍ਰਿਤਿਕ ਸਥਿਤੀਆਂ ਸਮੇਤ ਨਾਲ-ਨਾਲ ਸ਼ੁਰੂਆਤ ਕਰਕੇ ਖੁਦ ਆਪਣੇ ਬਾਰੇ, ਘਰ, ਪਰਿਵਾਰ ਅਤੇ ਸਕੂਲ ਦੀਆਂ ਮੁੱਢਲੀਆਂ ਜਮਾਤ ਨਾਲ ਸੰਬਧਿਤ ਅਤੇ ਹੌਲੀ-ਹੌਲੀ ਪੂਰੇ ਵਾਤਾਵਰਣ (ਆਲੇ-ਦੁਆਲੇ ਅਤੇ ਸਮਾਜ) ਵਿਚ ਅੱਗੇ ਵਧਾਉਂਦਾ ਹੈ। ਬੱਚੇ ਦੇ ਸੰਦਰਭ ਵਿਚ ਸਿੱਖਣ ਦੀ ਸਥਿਤੀ ਦਾ ਨਿਰਮਾਣ ਕਰਨ ਲਈ ਈ.ਵੀ.ਐਸ ਸਿੱਖਣਾ ਬਹੁਤ ਮਹੱਤਵਪੂਰਣ ਹੈ। ਪ੍ਰਤੱਖ ਜਾਣਕਾਰੀਆਂ, ਪਰਿਭਾਸ਼ਾਵਾਂ ਅਤੇ ਵੇਰਵੇ ਦੇਣ ਤੋਂ ਬੱਚਣ ਲਈ ਇਹ ਕੋਸ਼ਿਸ਼ ਕਰਣ ਦੀ ਜਰੂਰਤ ਹੈ। ਇਸਦੀ ਬਜਾਏ ਕਿ ਬੱਚਿਆਂ ਨੂੰ ਆਪਣੇ ਮੁੱਢਲੇ ਗਿਆਨ ਦੇ ਸਿਧੇ ਆਮਕ੍ਰਿਆ ਕਰਕੇ ਖੁਦ ਗਿਆਨ/ਅਨੁਭਵ ਲੈਣ ਲਈ ਸਥਿਤੀਆਂ/ਹਾਲਤ ਪੈਦਾ ਕਰਣੇ ਚਾਹੀਦੇ ਹਨ। ਇਸ ਪ੍ਰਕ੍ਰਿਆ ਦੇ ਦੌਰਾਨ ਉਹ ਪਾਠ ਪੁਸਤਕਾਂ ਦੇ ਇਲਾਵਾ ਗਿਆਨ ਦੇ ਵੱਖ-ਵੱਖ ਸ੍ਰੋਤਾਂ ਦੀ ਵਰਤੋਂ ਕਰਣਗੇ ਅਤੇ ਜਮਾਤ ਤੋਂ ਇਲਾਵਾ ਵੱਖ-ਵੱਖ ਸਿੱਖਣ ਸਥਾਨਾਂ ਅਤੇ ਹਾਲਾਤਾਂ ਦਾ ਪਤਾ ਲਗਾਉਣਗੇ।

(ਵਾਸਤਵਿਕ) ਅਸਲੀ ਦੁਨੀਆਂ ਦੇ ਸੰਪਰਕ ਵਿਚ ਆਉਣ ਨਾਲ ਬੱਚਿਆਂ ਨੂੰ ਸਮਾਜਿਕ ਮੁੱਦਿਆਂ, ਜਿਵੇਂ ਜੈਂਡਰ, ਪੱਖਪਾਤ, ਅਧਿਕਾਰਾਂ ਦਾ ਨਾ ਮਿਲਣਾ, ਬਾਲ ਮਜ਼ਦੂਰੀ, ਅਨਪੜ੍ਹਤਾ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਜਾਤ ਅਤੇ ਵਰਗੀ ਨ-ਬਰਾਬਰੀ, ਵਿਸ਼ੇਸ਼ ਜਰੂਰਤਾਂ ਵਾਲੇ ਲੋਕਾਂ, ਬਜੁਰਗਾਂ ਅਤੇ ਰੋਗੀਆਂ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਣ ਦੇ ਮੌਕੇ ਮਿਲਣਗੇ। ਇਹ ਸੁਨਿਸ਼ਿਚਿਤ ਕੀਤਾ ਜਾ ਸਕਦਾ ਹੈ ਕਿ ਸੰਸਾਧਨ ਸਮੱਗਰੀ ਤੋਂ ਇਲਾਵਾ, ਜਮਾਤ ਦਾ ਵਾਤਾਵਰਣ ਅਤੇ ਪੜ੍ਹਾਉਣ/ਸਿਖਾਉਣ ਪ੍ਰਕ੍ਰਿਆਵਾਂ, ਸਮੇਂ ਦੀ ਹਾਣੀ ਹੋਣ ਭਾਵ ਉਹ ਵਿਦਿਆਰਥੀਆਂ ਦੀ ਵਿਵਿਧਤਾਵਾਂ ਨੂੰ ਉਹਨਾਂ ਦੀ ਯੋਗਤਾਵਾਂ (CWSN ਸਮੇਤ) ਗਤੀ, ਸ਼ੈਲੀ ਆਦਿ ਦਾ ਧਿਆਨ ਰੱਖਦੇ ਹੋਏ ਸੰਬੋਧਿਤ ਕਰੋ। ਵਾਤਾਵਰਣ ਦੇ ਨਾਲ ਸਬੰਧਤ ਵਾਸਤਵਿਕ ਦੁਨੀਆਂ ਦੀਆਂ ਸੱਮਸਿਆਵਾਂ (ਜਿਵੇਂ ਸੁਰੱਖਿਆਂ, ਸੁੱਰਿਖਅਣ, ਕੁਦਰਤੀ ਸੰਸਧਾਨ ਦਾ ਸੁਰੱਖਿਅਣ, ਵਾਤਾਵਰਣ ਨਾਲ ਨਿਆਂ ਅਤੇ ਹੋਰ ਵਾਤਾਵਰਣ ਸਬੰਧੀ ਮੁੱਦੇ) ਵੀ ਮਹੱਤਵਪੂਰਣ ਹਨ। ਬੱਚਿਆਂ ਅਤੇ ਵਾਤਾਵਰਣ ਵਿਚ ਮਜਬੂਤ ਸਬੰਧ ਸਥਾਪਤ ਕਰਣ ਲਈ ਪਹਿਲ ਕੀਤੀ ਜਾਣੀ ਚਾਹੀਦੀ ਹੈ। ਇਹ ਪਰਕਲਪਨਾ ਕੀਤੀ ਗਈ ਹੈ ਕਿ ਵਿਸ਼ੇ ਦੇ ਰੂਪ ਵਿਚ EVS ਦਾ ਸਿੱਖਣ ਨਤੀਜਾ, ਬੱਚਿਆਂ ਨੂੰ ਇਹ ਮਹਿਸੂਸ ਕਰਣ ਵਿਚ ਯੋਗ ਬਣਾਏਗਾ ਕਿ ਉਹਨਾਂ ਦੇ ਫੈਸਲੇ ਅਤੇ ਕੰਮ, ਵਾਤਾਵਰਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਇਹ ਉਹਨਾਂ ਦੇ ਆਲੇ-ਦੁਆਲੇ ਦੀ ਚੁਨੌਤੀਆਂ ਦਾ ਸਾਹਮਣਾ ਕਰਣ ਲਈ ਜਰੂਰੀ ਕੁਝ ਹੋਰ ਕੁਸ਼ਲਤਾਵਾਂ ਅਤੇ ਗਿਆਨ ਦਾ ਨਿਰਮਾਣ ਕਰਣ ਵਿਚ ਮਦਦ ਕਰੇਗਾ।ਇਸ ਨਾਲ ਬੱਚੇ ਵਾਤਾਵਰਣ ਦੇ ਪੈਰੋਕਾਰ, ਪ੍ਰੰਬਧਕ, ਅਤੇ ਰੱਖਿਅਕ ਬਣ ਸਕਣਗੇ ਅਤੇ ਅੰਤ ਇਸ ਨਾਲ ਇਕ ਸਥਾਈ ਭੱਵਿਖ ਦੇ ਨਿਰਮਾਣ ਕਰਣ ਵਿਚ ਯੋਗਦਾਨ ਮਿਲੇਗਾ।

## ਆਓ ਵਿਚਾਰ ਕਰੀਏ

- EVS ਨੂੰ ਸਮਝਣ ਤੋਂ ਬਾਅਦ ਤੁਹਾਨੂੰ ਕੀ ਲਗਦਾ ਹੈ ਕਿ ਵਿਦਿਆਰਥੀ ਨੂੰ ਮੁੱਢਲੀ ਪੱਧਰ ਤੇ ਸਿੱਖਣ ਦੀਆਂ ਕੀ ਉਮੀਦਾਂ ਹੋਣਗੀਆਂ?
- ਇਹਨਾਂ ਉਮੀਦਾਂ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ?
- ਇਹਨਾਂ ਕ੍ਰਿਆਵਾਂ ਨੂੰ ਕਰਵਾਉਣ ਲਈ ਕਿਹੜੀਆਂ ਰਣਨੀਤੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ?

ਅੱਗੇ ਜਿਵੇਂ (ਅਨੁਭਾਗ 4 ਅਤੇ 5) ਇਸ ਗੱਲ ਤੇ ਕੁਝ ਚਾਨਣਾ ਪਾਉਣਗੇ ਕਿ ਅਸੀਂ ਇਹਨਾਂ ਉਮੀਦਾਂ/ਲੋੜਾਂ ਹੱਥੀਂ ਕ੍ਰਿਆਵਾਂ ਅਤੇ ਨਿਪੁੰਨ ਪਾਠਕ੍ਰਮ ਵਿਚ ਕਿਵੇਂ ਸਬੰਧ ਸਥਾਪਿਤ ਕਰ ਸਕਦੇ ਹਾਂ। EVS ਫਰੇਮਵਰਕ ਦੀਆਂ ਉਮੀਦਾਂ ਅਤੇ ਸਿੱਖਣ ਦੇ ਪ੍ਰਤੀਫਲ ਹੇਠਾਂ ਦਿਤੇ ਗਏ ਹਨ। ਤੁਹਾਡੇ ਵਿਚਾਰ ਨਾਲ ਇਹ ਆਪਸ ਵਿਚ ਕਿਵੇਂ ਸਬੰਧਤ ਹਨ?

## EVS ਵਿਚ ਫਰੇਮਵਰਕ ਦੀਆਂ ਉਮੀਦਾਂ ਅਤੇ ਸਿੱਖਣ ਦੇ ਪ੍ਰਤੀਫਲ (ਸਿੱਖਣ ਉਪਰੰਤ ਨਤੀਜੇ)

ਪਾਠਚਰਿਆ ਦੀ ਉਮੀਦ ਦੇ ਇਕ, ਉਹਨਾਂ ਸੰਭਾਵਨਾਵਾਂ ਦੀ ਆਸ ਹੈ ਜੋ ਵਿਆਪਕ ਹਨ ਅਤੇ ਜਿਨ੍ਹਾਂ ਦਾ ਉਦੇਸ਼ ਸਿੱਖਣ ਨਤੀਜੇ ਦੇ ਇਕ ਚਰਣ ਨੂੰ ਪੂਰਾ ਕਰਣਾ ਹੈ ਜਦੋਂ ਕਿ ਸਿੱਖਣ ਦੇ ਪ੍ਰਤੀਫਲ ਇਹਨਾਂ ਉਮੀਦਾਂ ਨੂੰ ਪੂਰਾ ਕਰਣ ਲਈ ਮਾਪਦੰਡ ਪ੍ਰਦਾਨ ਕਰਦੇ ਹੋਣ। ਮੁੱਢਲੇ ਚਰਣ ਦੇ ਲਈ EVS ਵਿਚ framework ਸਬੰਧੀ ਉਮੀਦਾਂ ਹੇਠਾਂ ਦਿਤੀਆਂ ਗਈਆਂ ਹਨ।

## ਪਾਠਕ੍ਰਮ ਦੀਆਂ ਉਮੀਦਾਂ (Curricular Expections):

EVS ਪਾਠਕ੍ਰਮ ਦੇ ਮੁਤਾਬਿਕ, ਮੁੱਢਲੇ ਪੱਧਰ ਤੇ ਬੱਚਿਆਂ ਤੋਂ ਉਮੀਦ ਕੀਤੀ ਜਾ ਸਕਦੀ ਹੈ ਕਿ:–

- ਪਰਿਵਾਰ, ਪੌਧਿਆਂ, ਜੀਵ–ਜਤੂੰਆਂ, ਭੋਜਨ, ਪਾਣੀ, ਯਾਤਰਾ, ਅਤੇ ਠਹਿਰਣ (ਰਹਿਣ) ਵਰਗੇ ਰੋਜ਼ਾਨਾ ਜਿੰਦਗੀ ਨਾਲ ਸਬੰਧਤ ਵੱਖ–ਵੱਖ ਅਨੁਭਵਾਂ (ਤਜਰਬਿਆਂ) ਦੇ ਮਾਧਿਅਮ ਤੋਂ ਨੇੜੇ ਦੀਆਂ ਵਸਤੂਆਂ ਦੀ ਜਾਣਕਾਰੀ ਬਾਰੇ ਜਾਗਰੂਕਤਾ ਪ੍ਰਾਪਤ ਕਰ ਸਕਣ।
- ਨੇੜੇ ਦੇ ਪ੍ਰਵੇਸ਼ ਲਈ ਕੁਦਰਤੀ ਜਿਗਿਆਸਾ ਅਤੇ ਰਚਨਾਤਮਕਤਾ ਦਾ ਪੋਸ਼ਣ ਕਰਣਗੇ।
- ਵੱਖ–ਵੱਖ ਪ੍ਰਕ੍ਰਿਆਵਾਂ/ਕੁਸ਼ਲਤਾਵਾਂ ਦਾ ਵਿਕਾਸ ਕਰਣਗੇ, ਜਿਵੇਂ: ਨਿਕਟਤਮ ਪ੍ਰਵੇਸ਼ ਦੇ ਨਾਲ–ਨਾਲ ਨਿੱਜੀ ਤਜਰਬਿਆਂ ਦੇ ਮਾਧਿਅਮ ਤੋਂ, ਨਤੀਜੇ ਕੱਢਣ, ਚਰਚਾ, ਸਪਸ਼ਟੀਕਰਣ, ਪ੍ਰਯੋਗੀ ਕਰਣ, ਅਤੇ ਤਰਕਸੰਗਤ ਹੋਣ।
- ਮੌਜੂਦਾ ਵਾਤਾਵਰਣ, ਵਿਚ ਕੁਦਰਤੀ, ਭੌਤਿਕ ਅਤੇ ਮਨੁੱਖੀ ਸੰਸਧਾਨਾਂ ਦੇ ਲਈ ਸੰਵੇਦਨਸ਼ੀਲਤਾ ਵਿਕਸਿਤ ਕਰਣਗੇ।
- ਸਮਾਨਤਾ, ਨਿਆਂ, ਇਨਸਾਨੀਅਤ/ਮਾਨਵਤਾ ਅਤੇ ਅਧਿਕਾਰਾਂ ਦੇ ਸਨਮਾਨ ਦੇ ਮੁੱਦਿਆਂ ਨੂੰ ਸਮਝਣਗੇ ਅਤੇ ਉਠਾਉਣਗੇ।

**EVS ਸਿੱਖਣ ਦੇ ਪ੍ਰਤੀਫਲ (Learning Outcome in EVS)**

ਉਪਰੋਕਤ ਪਾਠਚਰਿਆਂ (framework) ਸਬੰਧੀ ਉਮੀਦਾਂ ਨੂੰ ਪੂਰਾ ਕਰਣ ਲਈ, ਬੱਚੇ ਦੀ ਸਿੱਖਿਆ ਅਤੇ ਵਿਕਾਸ ਨੂੰ ਸੁਵਿਧਾਜਨਕ ਬਣਾਉਣ ਲਈ ਇਹ ਮਹੱਤਵਪੂਰਣ ਹੈ ਕਿ ਅਧਿਆਪਕ ਉਹਨਾਂ ਮਾਪਦੰਡਾਂ ਦੇ ਬਾਰੇ ਸਪਸ਼ਟ ਹੋਵੇ, ਜਿਨ੍ਹਾਂ ਨਾਲ ਸਮੇਂ-ਸਮੇਂ ਤੇ ਆਪਣੀ ਪ੍ਰਗਤੀ ਨੂੰ ਮਾਪ ਸਕਦੇ ਹਨ ਤਾਂ ਜੋ ਆਪਣੀਆਂ ਕੋਸ਼ਿਸ਼ਾਂ ਸਦਕਾ ਸਹੀ ਦਿਸ਼ਾ ਦੇਣ ਅਤੇ ਬੱਚਿਆਂ ਨੂੰ ਅਜਿਹਾ ਕਰਣ ਵਿਚ ਮਦਦ ਕਰ ਸਕਣ। ਇਸ ਲਈ ਸਿੱਖਣ ਦੇ ਪ੍ਰਤੀਫਲਾਂ ਨੂੰ ਸਪਸ਼ਟ ਰੂਪ ਵਿਚ ਸਮਝਾਉਣ ਦੀ ਜਰੂਰਤ ਹੈ। ਵੱਖ-ਵੱਖ stakeholders (ਧਾਰਕ) ਵਿਸ਼ੇਸ਼ ਰੂਪ ਵਿਚ ਅਧਿਆਪਕਾਂ, ਮਾਪਿਆਂ ਅਤੇ ਜੇਕਰ ਸੰਭਵ ਹੋ ਸਕੇ ਤਾਂ ਬੱਚਿਆਂ ਨੂੰ ਵੀ ਉਹਨਾਂ ਦੇ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ। EVS ਸਿੱਖਣ ਦੇ ਪ੍ਰਤੀਫਲਾਂ ਦੇ ਮਾਪਦੰਡਾਂ ਦੇ ਰੂਪ ਵਿਚ ਗੁਣਾਤਮਕ ਅਤੇ ਮਾਤਰਾ ਵਿਚ, ਦੋਵੇਂ ਤਰੀਕਿਆਂ ਨਾਲ, ਇਸ ਪਾਠਕ੍ਰਮ ਖੇਤਰ ਦੇ ਲੋੜੀਂਦੇ ਸਿੱਖਣ-ਸਿਖਾਉਣ ਦੇ ਸਨਮੁੱਖ ਬੱਚੇ ਦੇ ਸਿੱਖਣ ਅਤੇ ਵਿਕਾਸ ਦਾ ਮੁਲਅੰਕਣ ਕਰਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

ਸਿੱਖਣ ਦੇ ਉਪਰੰਤ ਨਤੀਜੇ ਤੇ ਅਧਾਰਿਤ NAS-2017 ਵਿਚ ਵਾਤਾਵਰਣ ਅਧਿਐਨ (EVS) ਵਿਚ ਤੀਸਰੀ ਅਤੇ ਪੰਜਵੀਂ ਜਾਮਾਤ ਲਈ ਸਹੀ ਪ੍ਰਤੀਕ੍ਰਿਆਵਾਂ ਦਾ ਪ੍ਰਤੀਸ਼ਤ (ਔਸਤਨ) ਹੇਠ ਲਿਖੇ ਅਨੁਸਾਰ ਪਾਇਆ ਗਿਆ ਹੈ।

ਜਮਾਤ 3- 65 ਪ੍ਰਤੀਸ਼ਤ

ਜਮਾਤ 5- 57 ਪ੍ਰਤੀਸ਼ਤ

ਕੀ ਅਸੀਂ ਰਾਜ ਦੇ ਔਸਤ ਉਪਲੱਬਧੀ ਅਤੇ ਜਿਲ੍ਹਾ ਉਪਲੱਬਧੀ ਬਾਰੇ ਜਾਣਦੇ ਹਾਂ? ਇਸਦਾ ਵੇਰਵਾ http://www.ncert.nic.in/ programme/NAS/SRC.html ਤੇ ਉਪਲਬੱਧ ਹੈ ਸਾਨੂੰ EVS ਵਿਚ ਆਪਣੇ ਵਿਦਿਆਰਥੀ ਦੇ ਸਿੱਖਣ ਉਪਰੰਤ ਨਤੀਜਿਆਂ ਨੂੰ ਬਿਹਤਰ ਬਨਾਉਣ ਦੇ ਤਰੀਕਿਆਂ ਤੇ ਵਿਚਾਰ ਕਰਨਾ ਚਾਹੀਦਾ ਹੈ। ਉਦਾਹਰਣ ਦੇ ਲਈ, ਤੁਸੀਂ ਹੇਠਾਂ ਲਿਖੇ ਬਾਰੇ ਕਿਵੇਂ ਸੋਚਦੇ ਹੋ?

- ਬੱਚੇ ਵਸਤੂਆਂ ਅਤੇ ਗਤੀਵਿਧੀਆਂ ਜਾਂ ਅਤੀਤ ਅਤੇ ਵਰਤਮਾਨ ਦੇ ਵਿਚ ਅੰਤਰ ਪਤਾ ਕਰਦੇ ਹਨ।
- ਸਰਲ ਮਾਣਕ ਇਕਾਈਆਂ ਵਿਚ ਸਥਾਨਕ ਮਾਤਰਾ ਅਤੇ ਸਮੇਂ ਦਾ ਆਂਕੜਾਂ ਅਤੇ ਸਰਲ ਉਪਕਰਣਾਂ/ਪ੍ਰਣਾਲੀਆਂ ਦੀ ਵਰਤੋਂ ਕਰਕੇ ਨਤੀਜੇ ਕੱਢ ਸਕਦੇ ਹਨ।
- ਵਸਤੂਆਂ/ਗਤੀਵਿਧੀਆਂ/ਥਾਵਾਂ/ਸਥਾਨਾਂ ਤੇ ਵੱਖ-ਵੱਖ ਤਰੀਕਿਆਂ ਤੇ ਟਿੱਪਣੀਆਂ, ਅਨੁਭਵਾਂ ਸੂਚਨਾਵਾਂ ਨੂੰ ਦਰਜ ਕਰਦੇ ਹਨ ਅਤੇ ਪ੍ਰਤੀਮਾਨਾਂ ਦਾ ਪੂਰਵ ਅਨੁਮਾਨ ਲਗਾਉਂਦੇ ਹਨ।
- ਚਿੱਤਰ, ਰੂਪਰੇਖਾ, ਮਾਡਲ, ਨਕਸ਼ੇ, ਕਵਿਤਾਵਾਂ ਅਤੇ ਨਾਰੇ ਬਣਾਉਂਦੇ ਹਨ।
- ਪੌਧੇ, ਜਾਨਵਰਾਂ ਅਤੇ ਆਲੇ-ਦੁਆਲੇ ਦੇ ਹੋਰ ਜੀਵਾਂ ਲਈ ਸੰਵੇਦਨਸ਼ੀਲਤਾਂ ਦਾ ਪ੍ਰਦਰਸ਼ਨ ਕਰਦੇ ਹਨ।

- ਇਹ ਤੀਸਰੀ ਜਮਾਤ ਦੀ EVS ਵਿਚ ਕੁਝ ਸਿੱਖਣ ਦੇ ਉਪਰੰਤ ਨਤੀਜੇ ਹਨ। ਕੀ ਤੁਸੀਂ ਇਹਨਾਂ ਨੂੰ framework ਦੀ ਉਮੀਦਾਂ ਨਲ ਸਬੰਧਤ ਕਰ ਸਕਦੇ ਹੋ? ਇਹਨਾਂ ਸਿੱਖਣ ਉਪਰੰਤ ਨਤੀਜਿਆਂ ਨੂੰ ਪੂਰਾ ਕਰਣ ਲਈ ਤੁਹਾਡੀ EVS ਪਾਠ ਪੁਸਤਕਾਂ ਦੀ ਵਰਤੋਂ ਕਰਕੇ ਕਿਸ ਤਰ੍ਹਾਂ ਦੀ ਸਿਖਾਉਣ ਪ੍ਰਕ੍ਰਿਆ ਨੂੰ ਆਪਣਾਇਆਂ ਜਾ ਸਕਦਾ ਹੈ?

**ਧਿਆਨ ਦਿਓ**–ਕ੍ਰਿਪਾ ਕਰਕੇ ਮੁੱਢਲੇ ਚਰਣ ਲਈ learning Outcomes 2017 ਦਾ ਦਸਤਾਵੇਜ ਵੇਖੋ।

**<u>ਆਓ ਵਿਚਾਰ ਕਰੀਏ:</u>**

- ਉਪਰੋਕਤ ਪਾਠਚਰਿਆ (Framework) ਸਬੰਧੀ ਉਮੀਦਾਂ (ਲੋੜਾਂ ਨੂੰ) ਪੂਰਾ ਕਰਣ ਲਈ ਕਿਸ ਤਰ੍ਹਾਂ ਦਾ Framework ਸਬੰਧੀ ਸਮੱਗਰੀ, ਪਾਠ ਪੁਸਤਕਾਂ, ਪੂਰਕ ਸਮੱਗਰੀ ਅਤੇ ਸੰਸਧਾਨਾਂ ਦੀ ਲੋੜ ਹੈ?
- ਕਿਸ ਤਰ੍ਹਾਂ ਦੀ ਸਿੱਖਣ–ਸਿੱਖਾਉਣ ਦੀ ਰਣਨੀਤੀ ਅਪਨਾਉਣ ਦੀ ਲੋੜ ਹੈ?
- ਪਠਾਚਰਿਆ ਖੇਤਰ ਵਿਚ EVS ਦੀ ਇਹੋ ਜਿਹੀ ਸਮਝ ਨੂੰ ਦੇਖਦੇ ਹੋਏ ਤੁਸੀਂ ਕਿਸ ਤਰ੍ਹਾਂ ਦੀਆਂ ਪਾਠ ਪੁਸਤਕਾਂ ਅਤੇ ਸ੍ਰੋਤਾਂ/ਸੰਸਾਧਨਾਂ ਦੀ ਪਰਿਕਲਪਨਾ ਕਰਦੇ ਹਾਂ?
- ਉਪਰੋਕਤ Framework ਲੋੜਾਂ ਨੂੰ ਪੂਰਾ ਕਰਣ ਲਈ ਕਿਸ ਤਰ੍ਹਾਂ ਦੇ Teaching learning ਦੀ ਜਰੂਰਤ ਹੈ।

**<u>EVS ਦੇ ਸਿੱਖਣ–ਸਿਖਾਉਣ ਤੇ ਸੰਸਧਾਨ (ਸ੍ਰੋਤ) ਅਤੇ ਰਣਨੀਤੀਆਂ:</u>**

ਬੱਚੇ ਜਿਗਾਆਸੂ ਸੁਭਾਅ ਦੇ ਹੁੰਦੇ ਹਨ, ਉਹਨਾਂ ਵੱਲੋਂ ਉਠਾਏ ਪ੍ਰਸ਼ਨ ਅਤੇ ਦੂਸਰੀਆਂ ਗਤੀ–ਵਿਧੀਆਂ ਇਕ ਖਾਸ ਢੰਗ ਨਾਲ ਹੀ ਦੇਖਣ ਵਿਚ ਕਿਉਂ ਆਉਦੀਆਂ ਹਨ? ਸਮੇਂ–ਸਮੇਂ ਤੇ ਕੀਤੀ ਰਿਸਰਚ ਨੇ ਇਸ ਗੱਲ ਵੱਧ ਜੋਰ ਦਿੱਤਾ ਹੈ ਕਿ ਸਿੱਖਣ–ਸਿੱਖਾਉਣ ਦੀ ਪ੍ਰਕ੍ਰਿਆ ਕਿਵੇਂ ਹੁੰਦੀ ਹੈ। ਉਹ ਗਿਆਨ ਦੇ ਅਕ੍ਰਿਆਸ਼ੀਲ, ਪ੍ਰਾਪਤਕਰਤਾ ਨਹੀਂ ਹਨ ਸਗੋਂ ਸਾਰੇ ਬੱਚੇ ਆਪਣੇ ਆਪ ਸਿੱਖਣ ਦੀ ਪ੍ਰਕ੍ਰਿਆ ਵਿਚ ਯੋਗ ਹਨ। ਸਿੱਖਣ–ਸਿੱਖਾਉਣ ਅਤੇ ਬੱਚਿਆਂ ਦੀ ਧਾਰਣਾ ਵਿਚ ਬਦਲਾਵ ਨਾਲ, ਅਧਿਆਪਕਾਂ ਦੀ ਭੂਮਿਕਾ ਨੂੰ ਜਾਂਚਣ ਦੀ ਲੋੜ ਹੈ, ਉਹਨਾਂ ਨੂੰ ਕੇਵਲ ਸੂਚਨਾ ਦੇਣ ਵਾਲੇ ਪ੍ਰਦਾਤਾ ਬਣਨ ਦੀ ਬਜਾਏ, ਸੁਵਿਧਾ ਪ੍ਰਦਾਤਾ (facilitator ) ਬਣਨ ਦੀ ਲੋੜ ਹੈ।

ਵਧੇਰੇ ਅਧਿਆਪਕ, ਅਜੇ ਵੀ ਇਕ ਪਰੰਪਰਾਗਤ ਦ੍ਰਿਸ਼ਟੀਕੋਣ, ਸਪਸ਼ਟੀਕਰਣ ਅਤੇ ਕੁਝ ਉਦਾਹਰਣਾਂ ਦੇਣ ਤੋਂ ਬਾਅਦ ਅਧਿਆਇ ਨੂੰ ਪ੍ਰਸਤੁਤ ਕਰਦੇ ਹਨ। ਇਸ ਦੀ ਬਜਾਏ ਅਧਿਆਪਕ ਕੁਝ ਚੁਨੌਤੀਆਂ ਦੀ ਸਥਿਤੀਆਂ ਦੀ ਯੋਜਨਾ ਬਣਾ ਸਕਦੇ ਹਨ ਤਾਂ ਜੋ ਬੱਚਿਆਂ ਨੂੰ ਸਮੱਸਿਆਂ ਦੀ ਸਥਿਤੀ ਦੇ ਬਾਰੇ ਜਾਨਣ ਅਤੇ ਖੋਜ ਕਰਣ ਲਈ ਪ੍ਰੇਰਿਤ ਕਰਦੀ ਹੈ ਉਹਨਾਂ ਨੂੰ ਸਮੱਸਿਆ ਨਾਲ ਜੋੜ੍ਹਨ ਸਮਾਧਾਨ/ਖੋਜਣ ਜਾਂ ਸਮੱਸਿਆ ਦੀ ਜਾਂਚ ਕਰਣ ਲਈ ਪ੍ਰੇਰਿਤ ਜਾਂ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ।ਇਹ ਸਿਖਾਉਣ ਬਿੰਦੂਆਂ ਜਾਂ ਅਵਧਾਰਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਕੀਤਾ ਜਾ ਸਕਦਾ ਹੈ ਜਿਸਨੂੰ ਪ੍ਰਸ਼ਨ ਉੱਤਰਾਂ ਵਿਚ ਬਦਲਿਆ ਜਾ ਸਕਦਾ ਹੈ। ਜੋ ਗਿਆਨ–ਨਿਰਮਾਣ ਦੇ ਆਧਾਰ ਤੇ ਰੂਪ ਵਿਚ ਕੰਮ ਕਰੇਗਾ।

ਅਸੀਂ ਸਾਰੇ ਜਾਣਦੇ ਹਾਂ ਕਿ ਸਿੱਖਣਾ ਇਕ ਲਗਾਤਾਰ ਪ੍ਰਕ੍ਰਿਆ ਹੈ ਅਤੇ ਇਹ ਜਰੂਰੀ ਹੈ ਕਿ ਅਧਿਆਪਕ ਆਪਣਾ ਅਨੁਭਵ/ਤਜਰਬਾ ਪ੍ਰਦਾਨ ਕਰਕੇ ਜਰੂਰੀ ਪ੍ਰਕ੍ਰਿਆ ਕੁਸ਼ਲਤਾ ਦਾ ਇਸਤੇਮਾਲ ਕਰਕੇ ਸਾਰਥਕ ਬਣਾਏ ਜਿਵੇਂ ਕਿ ਪ੍ਰੇਖਣ ਕਰਨਾ, ਚਰਚਾ ਕਰਨਾ, ਵਿਅਕਤ ਕਰਣਾ, ਸਪਸ਼ਟ ਕਰਣਾ, ਵਰਗੀਕਰਣ ਕਰਨਾ, ਸੰਵਾਦ ਕਰਣਾ, ਪ੍ਰਯੋਗ ਕਰਣਾ, ਪੂਰਵ ਅਨੁਮਾਨ ਲਗਾਉਣਾ ਆਦਿ/ ਸਹੀ ਜਾਂ ਗਲਤ ਦਾ ਲੇਬਲ ਲਗਾਏ ਬਗੈਰ ਬੱਚਿਆਂ ਨੂੰ ਅਧਿਆਪਕ ਦਾ ਉਚਿਤ ਸਮਰਥਨ ਕਰਣ ਦੇ ਨਾਲ-ਨਾਲ ਵੱਖ-ਵੱਖ ਤਰੀਕੇ ਲੱਭਣ ਲਈ ਪ੍ਰੋਤਸਾਹਿਤ ਕਰਣ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਬੱਚਿਆਂ ਨੂੰ ਨਵੇਂ ਗਿਆਨ ਦਾ ਨਿਰਮਾਣ ਕਰਣ ਵਿਚ ਸਾਨੂੰ ਉਸਨੂੰ ਮੌਜੂਦਾ ਗਿਆਨ ਦੇ ਨਾਲ ਜੋੜਨ ਵਿਚ ਮਦਦ ਮਿਲੇਗੀ।

ਅਧਿਆਪਕਾਂ ਨੂੰ ਬੱਚਿਆਂ ਨੂੰ ਸਾਰਥਕ ਰੂਪ ਵਿਚ ਸ਼ਾਮਿਲ ਕਰਣ ਅਤੇ ਜਰੂਰੀ ਕੁਸ਼ਲਤਾਵਾਂ ਵਿਕਸਿਤ ਕਰਣ ਲਈ ਵੱਖ-ਵੱਖ ਸਿੱਖਣ ਤਜਰਬਿਆਂ ਦੀ ਯੋਜਨਾ ਬਣਾਉਣ ਦੀ ਜਰੂਰਤ ਹੈ ਅਤੇ ਸਮਾਜਿਕ ਅਤੇ ਮਹੱਤਵਪੂਰਣ ਮੁੱਦਿਆਂ ਨਾਲ ਜੁੜੇ ਸਰੋਕਰ EVS ਦੇ ਪਹਿਲ ਦੇਣ ਵਾਲੇ ਉਦੇਸ਼ਾਂ ਵਿਚੋਂ ਇੱਕ ਹੈ।

ਪ੍ਰਵੇਸ਼ ਦੇ ਸਿੱਖਣ ਦੀ ਸੁਵਿਧਾ ਲਈ ਵਰਤੋਂ ਕੀਤੇ ਜਾਣ ਵਾਲੇ ਸਿੱਖਣ ਅਨੁਭਵਾਂ (ਤਜਰਿਬਿਆਂ) ਦੀ ਵਿਵਿਧਤਤਾ ਜਰੂਰੀ ਨਾਂਵਿਕ ਪ੍ਰਕ੍ਰਿਆਵਾਂ, ਦ੍ਰਿਸ਼ਟੀਕੋਣ ਅਤੇ ਮੁੱਲਾਂ ਨੂੰ ਵਿਕਸਿਤ ਕਰਣ ਵਿਚ ਮਦਦ ਕਰਦੀ ਹੈ। ਕਹਾਣੀ, ਕੇਸ ਅਧਿਐਨ ਅਤੇ ਜਨਸੰਚਾਰ ਮਾਧਿਅਮ ਦਾ ਸੰਵਾਦ ਦੇ ਰੂਪ ਵਿਚ ਇਸਤੇਮਾਲ ਅਤੇ ਸਿੱਖਣ ਸੰਦਰਭਾਂ ਦੀ ਵਰਤੋਂ ਬੱਚਿਆਂ ਨੂੰ ਸਮਾਜਿਕ ਭੇਦ-ਭਾਵ, ਵਾਤਾਵਰਣ ਦੇ ਮੁੱਦਿਆਂ ਅਤੇ ਹੋਰ ਮਹੱਤਵਪੂਰਣ ਸਰੋਕਾਰਾਂ ਦੇ ਬਾਰੇ ਵਿਚ ਸੰਵੇਦਨਸ਼ੀਲ ਬਣਾਉਣ ਲਈ ਕੀਤਾ ਜਾ ਸਕਦਾ ਹੈ। ਉਨਾਂ ਵਿਚੋਂ ਕੁਝ ਉਦਾਹਰਣਾਂ ਦੀ ਵਰਤੋਂ ਕਰਕੇ ਚਰਚਾ ਕੀਤੀ ਗਈ ਹੈ।

**EVS ਵਿਚ ਟ੍ਰੇਨਿੰਗ ਸਿੱਖਣ ਦੇ ਲਈ ਰਣਨੀਤੀਆਂ**

**ਪਰਿਯੋਜਨਾਵਾਂ (Project)**

ਪਰਿਯੋਜਨਾਵਾਂ ਇਕ ਮਹੱਤਵਪੂਰਣ ਸਿਖਾਉਣ ਦਾ ਸਾਧਨ ਗਠਨ ਕਰਦੀਆਂ ਹਨ। ਜੋ ਕਿਸੇ ਵਿਅਕਤੀ ਜਾਂ ਵਿਦਿਆਰਥੀਆਂ ਦੇ ਸਮੂਹ ਨੂੰ ਅਣਵੰਡਿਆਂ ਕੀਤਾ ਜਾ ਸਕਦਾ ਹੈ। ਸਿਖਾਉਣ ਪਰਿਯੋਜਨਾਵਾਂ ਦੇ ਵਿਸ਼ਾਵਾਰ ਜਾਂ ਅਧਿਆਇਵਾਰ ਪਛਾਣ ਅਤੇ ਪਰਿਯੋਜਨਾਵਾਂ ਦੀ ਯੋਜਨਾਵਾਂ ਬਣਾਉਣ ਅਤੇ ਰੂਪ ਰੇਖਾ ਵਿਚ ਵਿਦਿਆਰਥੀਆਂ ਦੀ ਭਾਗੀਦਾਰੀ ਸੁਨਿਸ਼ਿਚਤ ਕਰ ਸਕਦਾ ਹੈ। ਪਰਿਯੋਜਨਾ ਕਾਰਜ ਦੇ ਲਈ ਵਿਦਿਆਰਥੀਆਂ ਨੂੰ ਸਕੂਲ ਵਿਚ ਜਾਂ ਘਰ ਵਿਚ ਕੰਮ ਕਰਨਾ ਪੈ ਸਕਦਾ ਹੈ।

**ਕੁਝ ਉਦਾਹਰਣ ਹਨ:**

ਆਪਣੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਦੇ ਵੇਲੇ ਪਾਣੀ ਦੀ ਉਪਲੱਬਧਤਾ ਦੇ ਬਾਰੇ ਪਤਾ ਕਰੋ ਵਰਤਮਾਨ ਸਥਿਤੀ ਦੇ ਨਾਲ ਇਸਦੀ ਤੁਲਨਾ ਕਰੋ।

ਜੇਕਰ ਆਪਣੇ ਘਰ ਜਾਂ ਸਕੂਲ ਦੇ ਨੇੜੇ ਕੋਈ ਝੀਲ, ਖੂਹ ਜਾਂ ਬਾਉਲੀ ਹੈ ਤਾਂ ਉਥੇ ਜਾਓ ਅਤੇ ਉਸਦੇ ਬਾਰੇ ਹੋਰ ਜਾਣਕਾਰੀ ਹਾਸਿਲ ਕਰੋ।

ਪਾਣੀ ਦੇ ਪ੍ਰਦੂਸ਼ਣ, ਪਾਣੀ ਦੀ ਉਪਲੱਬਧਤਾ ਅਤੇ ਇਸਦੇ ਦੁਬਾਰਾ ਵਰਤੋਂ ਜਾ ਇਸਦੇ ਪੁਨਰਚੱਕਰ ਉੱਤੇ ਪਰਿਯੋਜਨਾਵਾਂ ਹੋ ਸਕਦੀਆਂ ਹਨ। ਤੁਸੀਂ ਬੱਚਿਆਂ ਨੂੰ ਸਮੂਹ ਵਿਚ ਵੰਡ ਕਰ ਸਕਦੇ ਹੋ ਅਤੇ ਹਰੇਕ ਸਮੂਹ ਨੂੰ ਇਨਾਂ ਵਿਸ਼ਿਆਂ ਉਤੇ ਗਤੀਵਿਧੀਆਂ ਦੀ ਯੋਜਨਾ ਅਤੇ ਰੂਪਰੇਖਾ ਬਣਾ ਸਕਦਾ ਹੈ। ਪ੍ਰਯੋਗ ਦੇ ਤੌਰ ਤੇ ਬੱਚਿਆਂ ਨੂੰ ਸਰਵੇਖਣ, ਲਾਇਬ੍ਰੇਰੀਆਂ ਜਾਂ ਖੇਤਰ ਦੇ ਦੌਰੇ ਤੇ ਜਾਣ ਲਈ ਮਦਦ ਕੀਤੀ ਜਾ ਸਕਦੀ ਹੈ ।ਬੱਚੇ ਸਮੂਹਾਂ ਵਿਚ ਪਰਿਯੋਜਨਾਵਾਂ ਦਾ ਬਿਓਰਾ ਤਿਆਰ ਕਰ ਸਕਦੇ ਹਾਂ ਅਤੇ ਉਸਦੀ ਰਿਪੋਰਟ ਜਮਾਤ ਵਿਚ ਪ੍ਰਸਤੁਤ ਕਰ ਸਕਦੇ ਹਨ।Rubrics (ਰੂਬਰਿਕਸ) ਨੂੰ ਮਾਪਦੰਡ ਦੇ ਰੂਪ ਵਿਚ ਵਰਤੋਂ ਕਰਕੇ ਮੁਲਾਂਕਣ ਕੀਤਾ ਜਾ ਸਕਦਾ ਹੈ, ਜਿਸ ਨਾਲ ਬੱਚਿਆਂ ਦੀ ਸਹਾਇਤਾ ਨਾਲ ਤਿਆਰ ਕੀਤਾ ਜਾ ਸਕਦਾ ਹੈ।

**ਚਰਚਾ**

ਚਰਚਾ, ਸਮੂਹ ਵਿਚ ਸਮਾਜਿਕ ਸੰਪਰਕ ਦੇ ਮਾਧਿਅਮ ਨਾਲ ਸਿੱਖਣ ਵਿਚ ਸਹਾਇਤਾ ਕਰਦੀ ਹੇ। ਗਿਆਨ ਦਾ ਸਾਰਥਕ ਨਿਰਮਾਣ ਉਦੋਂ ਹੁੰਦਾ ਹੈ ਜਦੋਂ ਵਿਚਾਰ ਅਤੇ ਅਨੁਭਵ ਦੂਸਰਿਆਂ ਦੇ ਨਾਲ ਚਰਚਾ ਦੇ ਮਾਧਿਅਮ ਨਾਲ ਸਾਂਝਾ ਕੀਤੇ ਜਾਂਦੇ ਹਨ। ਕਈ EVS ਅਧਿਆਵਾਂ ਵਿਚ, ਬੱਚਿਆਂ ਨੂੰ ਜਮਾਤ ਵਿਚ ਆਪਣੇ ਸਹਿਕਰਮੀ ਸਮੂਹਾਂ ਅਤੇ ਅਧਿਆਪਕਾਂ ਦੇ ਨਾਲ ਚਰਚਾ ਕਰਣ ਲਈ ਪੂਰੇ ਮੌਕੇ ਮਿਲਦੇ ਹਨ। ਸਵਾਲ ਜਿਵੇਂ ਕਿ ਭੁੱਖ ਲੱਗਣ ਤੇ ਤੁਹਾਨੂੰ ਕਿਵੇਂ ਲਗਦਾ ਹੈ? ਕੀ ਹੋਵੇਗਾ ਜੇਕਰ ਤੁਹਾਨੂੰ ਦੋ ਦਿਨਾਂ ਤਕ ਪਾਣੀ ਨ ਮਿਲੇ ? ਕਿਉਂ ਕੁਝ ਲੋਕਾਂ ਦੇ ਨੇੜੇ ਪਾਣੀ ਨਹੀਂ ਹੁੰਦਾ ਅਤੇ ਦੂਸਰਿਆਂ ਦੇ ਕੋਲ ਬਹੁਤਾਤ ਵਿਚ ਹੈ, ਇਸ ਤਰ੍ਹਾਂ ਦੇ ਪ੍ਰਸ਼ਨਾਂ ਦੀ ਵਰਤੋਂ, ਅਧਿਆਪਕਾਂ ਦੁਆਰਾ ਚਰਚਾ ਨੂੰ ਸੁਵਿਧਾਜਨਕ ਬਣਾਉਣ ਲਈ ਕੀਤਾ ਜਾ ਸਕਦਾ ਹੈ, ਜਿਥੇ ਹਰੇਕ ਬੱਚਾ ਆਪਣੀ ਰਾਇ ਦੇਣ ਲਈ ਸੁੰਤਤਰ ਹੋਵੇਗਾ ਅਤੇ ਹਰੇਕ ਪ੍ਰਤੀਕ੍ਰਿਆ ਕਿਸੇ ਨੂੰ ਵੀ ਅਪਮਾਨਿਤ ਕੀਤੇ ਬਿਨਾਂ ਸਵੀਕਾਰ ਕੀਤੀ ਜਾਵੇਗੀ।ਤੁਸੀਂ ਸਮਕਾਲੀਨ ਪ੍ਰਸੰਗ ਲੈ ਕੇ ਮੁੱਦਿਆਂ ਅਤੇ ਸਰੋਕਾਰਾਂ ਉੱਤੇ ਆਪਣੀ ਚਰਚਾ ਨੂੰ ਅੱਗੇ ਵਧਾਉਣ ਲਈ ਅਖ਼ਬਾਰ ਦੇ ਵਿਵਰਣ/ਟੀ.ਵੀ. ਰਿਪੋਰਟਾਂ ਜਾਂ ਕੁਝ ਕੇਸ ਸਟੱਡੀ ਦੀ ਵਰਤੋਂ ਕਰ ਸਕਦੇ ਹੋ।

**ਆਉ ਵਿਚਾਰ ਕਰੀਏ**

- ਇਸ ਸੰਦਰਭ ਵਿਚ ਅਧਿਆਪਕ ਤੋਂ ਕਿਹੜੀਆਂ ਭੂਮਿਕਾਵਾਂ ਦੀ ਉਮੀਦ ਹੈ?
- ਉਹ ਜਮਾਤ ਵਿਚ ਚਰਚਾਵਾਂ ਦਾ ਆਯੋਜਨ ਕਿਵੇਂ ਕਰਣਗੇ ? ਅਧਿਆਪਕ ਲਈ, ਕੁਝ ਸੁਝਾਵਾਂ ਨੂੰ ਸੂਚੀ ਬੱਧ ਕਰੋ।

NCERT ਦੀ EVS ਦੀਆਂ ਪਾਠ ਪੁਸਤਕਾਂ ਵਿਚ ਕੁਝ ਅਭਿਆਸਾਂ ਦੀ ਪਹਿਚਾਣ ਕਰੋ, ਜਿਸ ਵਿਚ ਅਧਿਆਪਕਾਂ ਨੂੰ ਬੱਚਿਆਂ ਦੇ ਨਾਲ ਕੁਝ ਮਹੱਤਵਪੂਰਣ ਸਰੋਕਾਰਾਂ ਦੇ ਬਾਰੇ ਜਾਗਰੂਕਤਾ ਵਿਕਸਿਤ ਕਰਨ ਅਤੇ ਉਨਾਂ ਨੂੰ ਸੰਵੇਦਨਸ਼ੀਲ ਬਣਾਉਣ ਦੀ ਚਰਚਾ ਕਰਣ ਲਈ ਕਿਹਾ ਜਾ ਸਕਦਾ ਹੈ।

## ਪ੍ਰਯੋਗ ਅਤੇ ਰਿਸਰਚ

ਪ੍ਰਯੋਗ ਅਤੇ ਅਨਵੇਸ਼ਣ ਬੱਚਿਆਂ ਨੂੰ ਜਾਂਚ ਕਰਣ, ਨਿਰੀਖਣ ਕਰਣ, ਉਸਾਰਣ ਲਈ ਚਰਚਾ ਕਰਣ ਲਈ, ਗੰਭੀਰ ਰੂਪ ਵਿਚ ਸੋਚਣ, ਵਰਗੀਕ੍ਰਤ ਕਰਣ, ਵਿਸ਼ਲੇਸ਼ਣ ਕਰਣ, ਤਰਕ ਕਰਣ ਅਤੇ ਨਿਸ਼ਕਰਸ਼ ਕੱਢਣ ਲਈ ਪ੍ਰੋਤਸਾਹਿਤ ਕਰਦੇ ਹਨ। EVS ਪਾਠ ਪੁਸਤਕਾਂ ਵਿਚ ਬਹੁਤ ਜ਼ਿਆਦਾ ਪ੍ਰਯੋਗ ਕੀਤੇ ਜਾਂਦੇ ਹਨ। ਜਿਨ੍ਹਾਂ ਵਿਚ ਬੱਚੇ ਆਪਣੀਆਂ ਗਤੀ ਵਿਧੀਆਂ ਨੂੰ ਖੁਦ ਆਪ ਕਰ ਸਕਦੇ ਹਨ ਅਤੇ ਆਪਣੇ ਅਵਲੋਕਨ ਤੋਂ ਸਿੱਖ ਸਕਦੇ ਹਨ। ਜਮਾਤ 5 ਦੀ ਪਾਠ ਪੁਸਤਕ ਵਿਚ "ਪਾਣੀ ਦੇ ਨਾਲ ਪ੍ਰਯੋਗ" ਸਿਰਲੇਖ ਵਾਲੇ ਅਧਿਆਇ ਵਿਚ ਅਸੀਂ: 1) ਕੀ ਤੈਰਦਾ ਹੈ ? ਅਤੇ ਕਿਉਂ ਡੁੱਬਦਾ ਹੈ? 2) ਕਿਹੜੀਆਂ ਵਸਤੂਆਂ/ਪਦਾਰਥ ਘੁਲਣਸ਼ੀਲ ਹਨ ਅਤੇ ਕਿਹੜੀਆਂ ਨਹੀਂ ? 3) ਪਾਣੀ ਕਿੱਥੇ ਗਿਆ ਆਦਿ ਨਾਲ ਸਬੰਧਤ ਗਤੀਵਿਧੀਆਂ ਦੇਖਦੇ ਹਨ। ਤੁਹਾਨੂੰ ਬੱਚਿਆਂ ਨੂੰ ਗਤੀਵਿਧੀਆਂ ਨਾਲ ਸਬੰਧਤ ਸੰਸਾਧਨ ਪ੍ਰਦਾਨ ਕਰਣ ਜਾਂ ਉਹਨਾਂ ਨੂੰ ਪ੍ਰਬੰਧਨ ਦਾ ਸੁਝਾਅ ਦੇ ਕੇ ਗਤੀਵਿਧੀਆਂ ਨੂੰ ਕਰਣ ਦੇ ਉਦੇਸ਼ ਤੋਂ ਜਾਣਕਾਰ ਹੋਣਾ ਚਾਹੀਦਾ ਹੈ। ਇਹ ਸੰਭਵ ਹੈ ਕਿ ਕਈ ਵਾਰ ਬੱਚੇ ਉਮੀਦ ਤੋਂ ਵੱਧ ਅਤੇ ਬਹੁਤ ਦਿਲਚਸਪ ਜਾਣਕਾਰੀ ਸਾਹਮਣੇ ਲਿਆਉਣ, ਜੋ ਅਨਵੇਸ਼ਣ ਨੂੰ ਅੱਗੇ ਵਧਾਉਣ ਲਈ ਕਾਫੀ ਸੰਭਾਵਨਾਵਾਂ ਪੈਦਾ ਸਕਦੀ ਹੈ। ਤੁਹਾਨੂੰ ਸਿਰਫ਼ ਇਸ ਵੱਲ ਉਹਨਾਂ ਦਾ ਧਿਆਨ ਕੇਂਦਰਿਤ ਕਰਣ ਦੀ ਲੋੜ ਹੈ ਅਤੇ ਜਿਥੇ ਕਿਤੇ ਵੀ ਲੋੜ ਹੋਵੇ, ਉਥੇ ਉਨਾਂ ਨੂੰ ਅਤੇ ਹੋਰ ਅਨਵੇਸ਼ਣ ਲਈ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ।

## ਸਰਵੇਖਣ ਅਤੇ ਇੰਟਰਵਿਊ

ਸਰਵੇਖਣ ਬੱਚਿਆਂ ਨੂੰ ਸਾਰਥਕ, ਅੰਤਰ-ਦ੍ਰਿਸ਼ਟੀ ਪ੍ਰਦਾਨ ਕਰਣ ਲਈ ਜਾਣਕਾਰੀ ਪ੍ਰਾਪਤ ਕਰਣ ਲਈ ਇਕੱਤਰ ਕਰਣ ਅਤੇ ਵਰਤੋਂ ਕਰਣ ਵਿਚ ਸਹਾਇਤਾ ਕਰਦਾ ਹੈ। ਜਿਆਦਾਤਰ ਅਨਵੇਸ਼ਣ ਅਤੇ ਸਰਵੇਖਣ ਗਤੀਵਿਧੀਆਂ ਵਿਚ ਬੱਚੇ, ਇੰਟਰਵਿਊ ਦੀ ਵਰਤੋਂ ਕਰਕੇ ਲੋਕਾਂ ਤੋਂ ਜਾਣਕਾਰੀ ਲੈਂਦੇ ਹਨ। ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਗੱਲ ਕਰਕੇ ਸਮੱਸਿਆ ਜਾਂ ਦਿਤੇ ਗਏ ਕਾਰਜ ਨਾਲ ਸੰਬਧਤ ਅੰਕੜੇ ਇੱਕਤਰ ਕਰਣ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਇਸ ਲਈ ਉਨਾਂ ਨੂੰ ਆਲੇ-ਦੁਆਲੇ ਦੀਆਂ ਸੱਮਸਿਆਵਾਂ ਬਾਰੇ ਵਿਚ ਪ੍ਰੱਤਖ ਅਨੁਭਵ ਪ੍ਰਾਪਤ ਕਰਣ ਵਿਚ ਮਦਦ ਮਿਲਦੀ ਹੈ ਅਤੇ ਉਹ ਆਪਣੇ ਪਰਿਵੇਸ਼ ਦੀ ਸਮੱਸਿਆਵਾਂ ਦੇ ਬਾਰੇ ਵਿਚ ਵਧੇਰੇ ਜਾਣ ਪਾਉਂਦੇ ਹਨ। ਬੱਚਿਆਂ ਨੂੰ ਇੰਟਰਵਿਊ ਦੇ ਲਈ ਖੁਦ ਆਪ ਪ੍ਰਸ਼ਨ ਤਿਆਰ ਕਰਣ ਅਤੇ ਇੱਕਠਾ ਕੀਤੀ ਗਈ ਆਧਾਰ ਸਮੱਗਰੀ ਦਾ ਉਪਯੋਗ ਕਰਕੇ ਵੇਰਵੇ ਤਿਆਰ ਕਰਣ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਲੋਕਾਂ ਦੇ ਨਾਲ ਗੱਲਬਾਤ ਅਤੇ ਉਹਨਾਂ ਦਾ ਇੰਟਰਵਿਊ ਕਰਣਾ, ਸੰਚਾਰ ਕਰਣਾ, ਪ੍ਰਸ਼ਨਾਂ ਨੂੰ ਤਿਆਰ ਕਰਣ ਅਤੇ ਸਵਾਲ ਪੁੱਛਣ, ਪ੍ਰਤਿਕਿਰਿਆਵਾਂ ਨੂੰ ਦਰਜ ਕਰਣ, ਵੇਰਵੇ ਤਿਆਰ ਕਰਣ ਆਦਿ ਦੀਆਂ ਕੁਸ਼ਲਤਾਵਾਂ ਵਿਕਸਿਤ ਕਰਣ ਵਿਚ ਮਦਦ ਕਰਦਾ ਹੈ।

## ਸਰਵੇਖਣ ਅਭਿਆਨ ਦੇ ਕੁਝ ਉਦਾਹਰਣ ਹੇਠਾਂ ਦਿੱਤੇ ਗਏ ਹਨ

- ਪਾਣੀ ਦੀ ਬਰਬਾਦੀ ਅਤੇ ਸੁਰੱਖਿਅਣ ਦਾ ਪਤਾ ਲਗਾਉਣ ਲਈ ਸਕੂਲ ਅਤੇ ਆਲੇ-ਦੁਆਲੇ ਦਾ ਸਰਵੇਖਣ।

- ਬੱਚੇ ਸਕੂਲ ਅਤੇ ਸਮਾਜ ਵਿਚ ਪਾਣੀ ਦੇ ਰਿਸਾਵ ਵਾਲੇ ਨਲਕਿਆਂ, ਪਾਈਪਾਂ, ਪਾਣੀ ਦਾ ਫਜੂਲ ਬਹਾਵ, ਜਿਆਦਾ ਪਾਣੀ ਦੀ ਵਰਤੋਂ ਕਰਣ ਦੇ ਬਾਰੇ ਵਿਚ ਜਾਣਕਾਰੀ ਇਕੱਤਰ ਕਰ ਸਕਦੇ ਹਨ ਅਤੇ ਜਮਾਤ ਦੇ ਨਾਲ ਵੇਰਵੇ ਸਾਝੇਂ ਕਰ ਸਕਦੇ ਹਨ।

**ਅਨੁਭਵ/ਤਜਰਬਾ ਸਾਝਾਂ ਕਰਣ।**

EVS ਜਮਾਤਾਂ ਦਾ ਇਹ ਮਹੱਤਵਪੂਰਣ ਪਹਿਲੂ, ਬੱਚਿਆਂ ਨੂੰ ਸੁਤੰਤਰ ਰੂਪ ਵਿਚ ਅਭਿਵਿਅਕਤ ਕਰਣ ਵਿਚ ਮਦਦ ਕਰਦਾ ਹੈ। ਅਧਿਆਪਕ ਅਜਿਹੀਆਂ ਪਰਸਥਿਤੀਆਂ/ਹਾਲਤ ਬਣਾ ਸਕਦਾ ਹੈ ਜਿਥੇ ਹਰੇਕ ਬੱਚਾ ਬਿਨਾਂ ਕਿਸੇ ਹਿਚਕਿਚਾਹਟ ਦੇ ਵਿਚਾਰ ਸਾਝੇਂ ਕਰਣ ਦੇ ਯੋਗ ਹੋਵੇ। ਅਭਿਵਿਅਕਤ ਦੇ ਮੌਕੇ, ਮੌਖਿਕ (ਜੁਬਾਨੀ) ਲਿਖਤੀ, ਚਿੱਤਰ ਬਣਾਕੇ, ਜਾਂ ਹੋਰ ਕਿਸੇ ਵੀ ਰੂਪ ਵਿਚ ਹੋ ਸਕਦੇ ਹਨ। ਉਦਾਹਰਣ ਲਈ ਪਾਣੀ ਦੀ ਉਪਲੱਬਧਤਾ ਦੇ ਚਰਚਾ ਕਰਦੇ ਸਮੇਂ ਬੱਚਿਆਂ ਨੂੰ ਪੁਛਿਆ ਜਾ ਸਕਦਾ ਹੈ ਕਿ ਉਹਨਾਂ ਨੂੰ ਆਪਣੇ ਘਰਾਂ ਵਿਚ ਪਾਣੀ ਕਿਵੇਂ ਮਿਲਦਾ ਹੈ। ਉਹਨਾਂ ਨੂੰ ਆਪਣੇ ਪਰਿਵਾਰਾਂ ਵਿਚ ਵੱਖ-ਵੱਖ ਤਿਉਹਾਰਾਂ ਦੇ ਦੌਰਾਨ, ਪਾਣੀ ਦੀ ਵਰਤੋਂ ਸਾਝੀਂ ਕਰਣ ਲਈ ਪ੍ਰੋਤਸਾਹਿਤ ਕਰਣ ਵੀ ਪ੍ਰੋਤਸਾਹਿਤ ਕੀਤਾ ਸਕਦਾ ਹੈ। ਉਹ ਕੁਝ ਸੱਤਰਾਂ ਲਿਖਕੇ, ਵਰਨਣ ਕਰਕੇ, ਜਾਂ ਚਿੱਤਰ ਬਣਾਕੇ ਇਸ ਤਰ੍ਹਾਂ ਕਰ ਸਕਦੇ ਹਨ। ਇਸ ਤਰ੍ਹਾਂ ਵੱਖ-ਵੱਖ ਪਿਛੋਕੜ ਦੇ ਲੋਕਾਂ ਵਿਚ ਵਿਆਪਕ ਸਮਾਜਿਕ-ਸੰਸਕ੍ਰਿਤਿਕ ਵਾਤਾਵਰਣ ਦੇ ਬਾਰੇ ਜਾਗਰੂਕਤਾ ਪੈਦਾ ਹੁੰਦੀ ਹੈ।

**ਭੂਮਿਕਾ ਨਿਭਾਉਣਾ**

ਮੁੱਢਲੀ ਜਮਾਤਾਂ ਦੇ ਬੱਚਿਆਂ ਨੂੰ ਵਿਵਹਾਰਿਕ ਅਤੇ ਪ੍ਰਸਤਤ ਕਰਣ ਵਾਲੀਆਂ ਗਤੀਵਿਧੀਆਂ ਵਿਚ ਭਾਗ ਲੈਣਾ ਚੰਗਾ ਲਗਦਾ ਹੈ। ਰੰਗਮੰਚ ਬੱਚਿਆਂ ਨੂੰ ਕੁਝ ਵਾਸਤਵਿਕ ਅਤੇ ਕਲਪਨਿਕ ਚਰਿਤਰਾਂ ਉਪਰ ਅਭਿਨੈ ਕਰਣ ਵਿਚ ਮਦਦ ਕਰਦਾ ਹੈ, ਜੋ ਨ ਕੇਵਲ, ਉਹਨਾਂ ਦੇ ਆਤਮਵਿਸ਼ਵਾਸ਼ ਨੂੰ ਵਧਾਉਣ ਵਿਚ ਮਦਦ ਕਰਦਾ ਹੈ ਸਗੋਂ ਇਹੋ ਜਿਹੇ ਪਾਤਰਾਂ ਦੇ ਕੀਮਤਾਂ/ਕਦਰਾਂ, ਦ੍ਰਿਸ਼ਟੀਕੋਣ ਅਤੇ ਭੂਮਿਕਾਵਾਂ ਵਿਚ ਅੰਤਰਦ੍ਰਿਸ਼ਟੀ ਪ੍ਰਾਪਤ ਕਰਣ ਵਿਚ ਮਦਦ ਕਰਦਾ ਹੈ। ਬੱਚਿਆਂ ਨੂੰ ਭੂਮਿਕਾਵਾਂ ਦੇਣ ਨਾਲ ਉਹਨਾਂ ਨੂੰ ਬਿਹਤਰ ਸਿੱਖਣ ਅਤੇ ਸੰਦਰਭਾਂ ਨੂੰ ਖੁਦ ਜਾਨਣ ਵਿਚ ਮਦਦ ਮਿਲਦੀ ਹੈ, ਜੋ ਨਾ ਸਿਰਫ਼ ਉਹਨਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਵਿਸ਼ਾ ਵਸਤੂ ਨੂੰ ਜਾਨਣ-ਸਮਝਣ ਵਿਚ ਮਦਦ ਕਰਦੀ ਹੈ ਸਗੋਂ ਉਪਯੁਕਤ ਸੁਭਾਅ ਧਾਰਣ ਕਰਣ ਵਿਚ ਵੀ ਮਦਦ ਕਰਦੀ ਹੈ। ਭੂਮਿਕਾ ਨਿਭਾਉਣ ਲਈ ਕਈ ਤਰ੍ਹਾਂ ਦੀ ਸਥਿਤੀਆਂ/ਹਾਲਾਤ ਬਣਾਏ ਜਾ ਸਕਦੇ ਹਨ।

ਅਧਿਆਪਕ ਬੱਚਿਆਂ ਨੂੰ ਹੇਠਾਂ ਦਿੱਤੀਆ ਸਥਿਤੀਆਂ ਵਿਚ ਭੂਮਿਕਾ ਨਿਭਾਉਣ ਲਈ ਕਹਿ ਸਕਦਾ ਹੈ:-

- ਇਕ ਬਾਲਿਕਾ/ਲੜਕੀ ਨੂੰ ਘਰ ਦਾ ਸਾਰਾ ਕੰਮ ਕਰਣ ਲਈ ਘਰ ਵਿਚ ਹੀ ਰਹਿਣਾ ਪੈਂਦਾ ਹੈ।
- ਇਕ ਪਰਿਵਾਰ, ਜੋ ਰੋਜ ਪਾਣੀ ਦੇ ਟੈਂਕਰ ਤੋਂ ਸਿਰਫ਼ ਦੋ ਬਾਲਟੀ ਪਾਣੀ ਲੈ ਪਾਉਂਦਾ ਹੈ।

## ਆਓ ਵਿਚਾਰ ਕਰੀਏ

- ਇਹਨਾਂ ਹਾਲਾਤਾਂ ਦੇ ਮਾਧਿਅਮ ਨਾਲ ਕਿਹੜੀਆਂ ਪ੍ਰਕ੍ਰਿਆ ਨਾਲ ਕੁਸ਼ਲਤਾ ਅਤੇ ਕਦਰਾਂ ਨੂੰ ਸੰਬੋਧਿਤ ਕੀਤਾ ਜਾ ਸਕਦਾ ਹੈ?
- ਇਹਨਾਂ ਗਤੀਵਿਧੀਆਂ ਦਾ ਉਪਰ ਦਿੱਤੀ ਗਈ ਪਾਠਚਰਿਆ ਦੀਆਂ ਉਮੀਂਦਾ ਅਤੇ ਸਿੱਖਣ ਉਪਰੰਤ ਨਤੀਜਿਆਂ ਦੇ ਨਾਲ ਕਿਵੇਂ ਏਕੀਕ੍ਰਿਤ ਹੁੰਦਾ ਹੈ?
- ਤੁਸੀਂ ਇਹੋ ਜਿਹੀਆਂ ਗਤੀਵਿਧੀਆਂ ਵਿਚ ਦ੍ਰਿਸ਼ਟੀਹੀਣ ਬੱਚਿਆਂ ਨੂੰ ਕਿਵੇਂ ਸ਼ਾਮਿਲ ਕਰੋਗੇ?

## ਖੇਤਰ ਭਰਮਣ/ਸੈਰ

ਖੇਤਰ ਦੀ ਸੈਰ, ਆਮ ਕਰਕੇ ਆਨੰਦ ਅਤੇ ਮਸਤੀ ਦੀ ਗਤੀਵਿਧੀਆਂ ਦੇ ਰੂਪ ਵਿਚ ਮੰਨੀ ਜਾਂਦੀ ਹੈ ਪਰ ਫਿਰ ਵੀ ਜਦੋਂ ਤੱਕ ਅਸੀਂ ਇਨ੍ਹਾਂ ਯੋਜਨਾਵਾਂ ਨੂੰ ਵਿਵਸਥਿਤ ਤਰੀਕੇ ਨਾਲ ਬੱਚਿਆਂ ਨੂੰ ਮੁੱਢਲੀਆਂ ਧਾਰਨਾਵਾਂ ਨੂੰ ਸਿਖਾਉਣ ਅਤੇ ਸਮਾਜਿਕ ਅਤੇ ਵਾਤਾਵਰਣ ਦੇ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਬਣਾਉਣ ਲਈ ਨਹੀਂ ਕਰਾਂਗੇ, ਤਦ ਤੱਕ ਖੇਤਰ ਦੀ ਸੈਰ ਈ.ਵੀ.ਐਸ ਪਾਠਕ੍ਰਮ ਦੇ ਕਿਸੇ ਵੀ ਉਦੇਸ਼ ਨੂੰ ਪੂਰਾ ਕਰਣ ਵਿਚ ਸਹਾਇਕ ਨਹੀਂ ਹੋਵੇਗੀ।

ਆਂਢ-ਗੁਆਂਢ ਵਿਚ ਸੁੱਕਦੇ/ਦੁਬਾਰਾ ਚਲਣ ਵਾਲੇ ਪਾਣੀ ਦੇ ਸ੍ਰੋਤ (ਖੂਹ, ਝੀਲ, ਤਾਲਾਬ) ਨੂੰ ਦੇਖਣ ਜਾਣਾ ਅਤੇ ਲੋਕਾਂ ਤੋਂ ਇਸਦੇ ਬਾਰੇ ਪਤਾ ਕਰਣਾ ਇਸ ਤਰ੍ਹਾਂ ਦਾ ਇੱਕ ਉਦਾਹਰਣ ਹੋ ਸਕਦਾ ਹੈ।

ਇਹ ਕੁਝ ਵਿਧੀਆਂ ਹਨ, ਹਾਲਾਂਕਿ ਅਧਿਆਪਕ ਦੇ ਸੰਦਰਭ ਅਤੇ ਵਿਦਿਆਰਥੀਆਂ ਦੀ ਜਰੂਰਤ ਅਨੁਸਾਰ ਕਈ ਹੋਰ ਤਰੀਕੇ ਇਸਤੇਮਾਲ ਕੀਤੇ ਜਾ ਸਕਦੇ ਹਨ, ਜਿਨ੍ਹਾਂ ਵਿਚ ਬੱਚੇ ਵਿਅਕਤੀਗਤ ਜਾਂ ਸਮੂਹਿਕ ਗਤੀਵਿਧੀਆਂ ਵਿਚ ਸ਼ਾਮਿਲ ਹੋ ਸਕਦੇ ਹਨ। ਸਮੂਹਿਕ ਗਤੀਵਿਧੀਆਂ ਕਈ ਰੂਪ ਲੈ ਸਕਦੀਆਂ ਹਨ। ਜਿਵੇਂ jigsaw, ਬੁਝਾਰਤ ਬੁੱਝਣਾ, ਵਿਚਾਰ ਵਟਾਦਰਾਂ, ਪਰਿਯੋਜਨਾ, ਭੂਮਿਕਾ ਨਿਭਾਉਣਾ, ਖੋਜ ਆਦਿ। ਅਧਿਆਪਕ ਬੱਚਿਆਂ ਨੂੰ ਕੀਤੇ ਜਾਣ ਵਾਲੇ ਕਾਰਜਾਂ ਦੇ ਮੁਤਾਬਿਕ ਸਮੂਹਾਂ ਵਿਚ ਵੰਡ ਸਕਦੇ ਹਨ। ਸਮੂਹ ਬਣਾਉਂਦੇ ਸਮੇਂ ਇਹ ਮਹੱਤਵਪੂਰਣ ਹੈ ਕਿ ਸਮੂਹ ਦੀ ਪ੍ਰਕ੍ਰਿਤੀ ਵਿਜਾਤੀ/ ਵਿਖਮਰੂਪੀ ਹੋਵੇ, ਉਸ ਵਿਚ ਵੱਖ-ਵੱਖ ਪਿਛੋਕੜ ਅਤੇ ਯੋਗਤਾਵਾਂ ਵਾਲੇ ਬੱਚੇ ਸ਼ਾਮਿਲ ਹੋਣ।

## ਸਿੱਖਣ ਸੰਸਾਧਨ (ਸ੍ਰੋਤ)

ਬੱਚੇ ਵੱਖ-ਵੱਖ ਤਰੀਕਿਆਂ ਨਾਲ ਸਿੱਖਦੇ ਹਨ। ਇਸ ਲਈ ਵੱਧ ਸਿੱਖਣ ਸ੍ਰੋਤਾਂ ਦੀ ਵਰਤੋਂ ਕਰਕੇ ਉਹਨਾਂ ਨੂੰ ਸਿਖਾਉਣ ਦੇ ਵੱਖ-ਵੱਖ ਮੌਕੇ ਪ੍ਰਦਾਨ ਕਰਣਾ ਮਹੱਤਰਪੂਰਣ ਹੈ। EVS ਦੇ ਸਿੱਖਣ-ਸਿਖਾਉਣ ਵਿਚ ਕਈ ਤਰ੍ਹਾਂ ਦੀ ਸਿਖਾਉਣ/ਸਿਖਲਾਈ ਸ੍ਰੋਤਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਦਾਹਰਣ ਲਈ, ਚਿੱਤਰਾਂ ਵਾਲੀਆਂ ਪਾਠ-ਪੁਸਤਕਾਂ, ਅਤੇ ਹੋਰ ਪੂਰਕ ਅਤੇ ਸੰਪੂਰਕ ਪੁਸਤਕਾਂ, E-Content ਜਿਵੇਂ Audio, Video ਪਾਠ, ਚਿੱਤਰ, ਸਾਰਣੀ, ਕਾਰਟੂਨ ਆਦਿ ਕੁਦਰਤੀ ਅਤੇ ਬਣਾਏ ਗਏ ਵਾਤਾਵਰਣ, ਵਿਅਕਤੀਆਂ ਅਤੇ ਵਿਅਕਤੀਤਵ ਤੋਂ ਜਾਣਕਾਰੀ ਆਦਿ ਦੇ ਰੂਪ ਵਿਚ ਹੋ ਸਕਦੇ ਹਨ।

ਇਕ ਚੰਗੇ ਸਿਖਾਉਣ ਸਮੱਗਰੀ ਦੀ ਪਹਿਚਾਨ ਕਰਣਾ ਮੱਤਵਪੂਰਣ ਹੈ। ਉਦਾਹਰਣ ਲਈ: ਇਹ ਮਹੱਤਵਪੂਰਣ ਹੈ ਕਿਉਂਕਿ ਮੁੱਢਲੇ ਚਰਣ ਲਈ EVS ਦੀਆਂ ਪਾਠ ਪੁਸਤਕਾਂ, ਬੱਚੇ ਦੇ ਨਿਕਟਵਰਤੀ ਜਾਣਕਾਰੀ ਦੇ ਆਲੇ-ਦੁਆਲੇ ਕੇਂਦਰਿਤ

ਹੁੰਦੀਆਂ ਹਨ, ਜਿਸ ਵਿਚ ਪ੍ਰਕਿਤਿਕ, ਭੌਤਿਕ, ਸਮਾਜਿਕ ਅਤੇ ਸੰਸਕ੍ਰਿਤਿਕ ਵਿਵਸਥਾ ਸ਼ਾਮਿਲ ਹੈ। ਪਾਠ ਪੁਸਤਕਾਂ ਤੋਂ ਗਿਆਨ ਇਕੱਮਾਤਰ ਸ੍ਰੋਤ ਨਹੀਂ ਹੋਣਾ ਚਾਹੀਦਾ ਸਗੋਂ ਅਧਿਆਪਕਾਂ ਅਤੇ ਬੱਚਿਆਂ ਦੋਵਾਂ ਨੂੰ ਮਿਲਕੇ ਆਪਣੇ ਚਾਰ-ਚੁਫੇਰੇ ਦੇ ਵੱਖ-ਵੱਖ ਸ੍ਰੋਤਾਂ ਦੇ ਮਾਧਿਅਮ ਨਾਲ ਗਿਆਨ ਨਿਰਮਾਣ ਕਰਨ ਲਈ ਸਹਿਯੋਗ ਕਰਣਾ ਚਾਹੀਦਾ। ਇਸ ਵਿਚ ਬੱਚਿਆਂ ਲਈ ਅਮਲੀ ਜੀਵਨ ਨਾਲ ਖੋਜ ਕਰਣ ਅਤੇ ਹੋਰ ਜੁੜ੍ਹਨ ਦੀ ਗੁੰਜਾਇਸ਼ ਹੋਣੀ ਚਾਹੀਦੀ ਹੈ ਜਦੋਂ ਕਿ ਪਾਠਪੁਸਤਕਾਂ ਔਪਚਾਰਿਕ ਪਰਿਭਾਸ਼ਾਵਾਂ ਅਤੇ ਸਿਰਫ਼ ਜਾਣਕਾਰੀ ਤੇ ਜ਼ੋਰ ਦਿੰਦੀਆਂ ਹਨ, ਉਹਨਾਂ ਤੋਂ ਬਚਿਆ ਜਾ ਸਕਦਾ ਹੈ, ਕਿਉਂਕਿ ਉਹ ਕੇਵਲ ਰੱਟਣ ਦੇ ਸਿੱਖਣ ਦੀ ਦਿਸ਼ਾ ਵਿਚ ਲੈ ਜਾਂਦੀਆ ਹਨ। ਇਸ ਤੋਂ ਇਲਾਵਾ, ਸਾਨੂੰ ਬੱਚਿਆਂ ਨੂੰ ਇਸ ਪੱਧਰ ਤੇ ਸਮਝਾਉਣ ਲਈ ਭਾਸ਼ਾ ਨੂੰ ਸਰਲ ਹੋਣਾ ਚਾਹੀਦਾ ਹੈ।

**EVS ਵਿਚ NCERT ਪਾਠਪੁਸਤਕਾਂ ਮੁੱਖ ਤੌਰ ਤੇ ਛੇ ਵਿਸ਼ਿਆਂ ਤੇ ਕੇਂਦਰਿਤ ਹੁੰਦੀ ਹੈ, (1) ਪਰਿਵਾਰ ਅਤੇ ਮਿੱਤਰ, ਜਿਸ ਵਿਚ ਚਾਰ ਉਪਵਿਸ਼ੇ ਹੁੰਦੇ ਹਨ:-**

(1.1) ਸਬੰਧ (1.2) ਕਾਰਜ ਅਤੇ ਖੇਲ (1.3) ਜਾਨਵਰ ਅਤੇ (1.4) ਪੌਧੇ, ਇਸ ਤੋਂ ਇਲਾਵਾ (2) ਭੋਜਨ (3) ਪਾਣੀ (4) ਰਹਿਣ ਦੇ ਪ੍ਰਬੰਧ/ਬਸੇਰਾ (5) ਯਾਤਰਾ (6) ਵਸਤੂਆਂ, ਜੋ ਅਸੀਂ ਬਣਾਉਂਦੇ ਹਾਂ ਅਤੇ ਕਰਦੇ ਹਾਂ। ਹਰੇਕ ਵਿਸ਼ਾ ਬੱਚਿਆਂ ਲਈ ਉਪਯੁਕਤ ਭਾਸ਼ਾ ਵਿਚ ਮਹਤੱਵਪੂਰਣ ਪ੍ਰਸ਼ਨਾਂ ਤੋਂ ਸ਼ੁਰੂ ਹੁੰਦਾ ਹੈ। ਪੂਰਾ ਪਾਠਕ੍ਰਮ NCERT ਦੀ website(http://www:ncert.nic.in/rightside/links/ syllabushtml) ਉਤੇ ਉਪਲੱਬਧ ਹੈ।ਅਧਿਆਇਵਾਂ ਵਿਚ ਵਾਸਤਵਿਕ ਜੀਵਨ ਦੀਆਂ ਘਟਨਾਵਾਂ, ਜੀਵਨ ਦੀਆਂ ਪ੍ਰਤੀ ਦਿਨ ਚੁਣੌਤੀਆਂ ਅਤੇ ਸਮਸਿੱਆਵਾਂ ਭਰੇ ਮੁੱਦੇ, ਜਿਵੇਂ, ਭੋਜਨ, ਪਾਣੀ, ਜੰਗਲ, ਜਾਨਵਰਾਂ ਦੀ ਸੁੱਰਖਿਆ,ਪ੍ਰਦੂਸ਼ਣ ਆਦਿ ਸ਼ਾਮਿਲ ਹਨ। ਵਿਚਾਰ ਅਤੇ ਸੁੱਚੇ ਸੰਕਲਪ ਦੀਆਂ ਗਤੀਵਿਧੀਆਂ ਅਤੇ ਚਰਚਿਆਂ ਦੇ ਮਾਧਿਅਮ ਨਾਲ ਉਹਨਾਂ ਦੀ ਜਿਗਿਆਸਾ ਨੂੰ ਆਕਰਸ਼ਿਤ ਕਰਣ ਅਤੇ ਰੁੱਚੀ ਪੈਦਾ ਕਰਣ ਲਈ ਦਿਤੀ ਗਈ ਹੈ ਬੱਚਿਆਂ ਦੇ ਲਈ ਸੁੰਤਤਰ ਰੂਪ ਵਿਚ ਬਹਿਸ ਕਰਣ, ਉਹਨਾਂ ਨਾਲ ਜੁੜਨ ਅਤੇ ਉਨਾਂ ਦੇ ਬਾਰੇ ਵਿਚ ਸੰਵੇਦਨਸ਼ੀਲ ਸਮਝ ਵਿਕਸਿਤ ਕਰਣ ਦੇ ਵਧੇਰੇ ਮੌਕੇ ਹਨ।

ਅਨੁਭਾਗ 6 ਵਿਚ EVS ਫਰੇਮਵਰਕ ਸਬੰਧੀ ਉਮੀਦਾਂ, ਸਿਖਾਉਣ ਤਰੀਕਿਆਂ ਅਤੇ ਸਿੱਖਣ ਉਪਰੰਤ ਨਤੀਜਿਆਂ ਦੇ ਵਿਚ ਇਕ ਕੜੀ ਸਥਾਪਿਤ ਕਰਣ ਲਈ ਇਕ ਕੋਸ਼ਿਸ਼ ਕੀਤੀ ਗਈ ਹੈ, ਜਿਸ ਵਿਚ ਜਲ ਵਿਸ਼ੇ ਨੂੰ ਲਿਆ ਗਿਆ ਹੈ। ਇਸ ਤੋਂ ਪਹਿਲਾਂ ਕਿ ਅਸੀ ਇਸਦੇ ਸਿਖਾਉਣ ਤਰੀਕਿਆਂ ਨੂੰ ਸਮਝੀਏ, ਆਓ ਇਸ ਗੱਲ ਤੇ ਨਜ਼ਰ ਮਾਰਦੇ ਹਾਂ ਕਿ ਇਸ ਵਿਸ਼ੇ ਦੀ ਵਰਤੋਂ, ਮੁੱਢਲੇ ਪੱਧਰ ਤੇ ਵਿਗਿਆਨ, ਸਮਾਜਿਕ ਵਿਗਿਆਨ ਅਤੇ ਹੋਰ ਵਿਸ਼ਿਆਂ ਜਿਵੇਂ ਗਣਿਤ, ਭਾਸ਼ਾ, ਕਲਾ ਸਿੱਖਿਆ ਅਤੇ ਸਿਹਤ ਅਤੇ ਸਰੀਰਿਕ ਸਿੱਖਿਆ ਦੇ ਨਾਲ ਏਕੀਕ੍ਰਿਤ ਨੂੰ ਕਿਵੇਂ ਦਰਸਾਉਦਾਂ ਹੈ।

**'ਜਲ' ਵਿਸ਼ੇ ਦਾ ਦਾਇਰਾ ਅਤੇ ਸਿਖਾਉਣ ਤਰੀਕੇ**

**ਵਿਸ਼ਾ: 'ਜਲ' ਦਾ ਦਾਇਰਾ**

ਪ੍ਰਿਥਵੀ ਉਤੇ ਸਾਰੇ ਜੀਵਨ ਰੂਪਾਂ ਦੇ ਨਿਰਵਾਹ ਦੇ ਲਈ ਜਲ ਇੱਕ ਮਹੱਤਵਪੂਰਣ ਸੰਸਾਧਨ ਹੈ। ਈ.ਵੀ.ਐਸ ਇੱਕ ਅੰਤਰ-ਅਨੁਸਾਸ਼ਨੀ ਖੇਤਰ ਹੋਣ ਦੇ ਨਾਤੇ ਬੱਚੇ ਦੇ ਪ੍ਰਕਿਤ੍ਰਿਕ ਅਤੇ ਸਮਾਜਿਕ-ਸੰਸਕ੍ਰਿਤਿਕ ਵਾਤਾਵਰਣ ਵਿਚ ਸਬੰਧ

ਸਥਾਪਿਤ ਕਰਣਾ ਚਾਹੁੰਦਾ ਹੈ। 'ਜਲ' ਤੋਂ ਸਬੰਧਿਤ ਅਵਧਾਰਾਨਾਵਾਂ ਅਤੇ ਮੁੱਦੇ ਕਿਸੇ ਵੀ ਵਰਗ, ਖੇਤਰ ਜਾ ਇਲਾਕੇ ਲਈ ਸਰਵਭੌਮਿਕ ਹਨ, ਇਸ ਲਈ ਇਹ ਵੱਖ-ਵੱਖ ਵਾਤਾਵਰਣ ਦੀ ਅਵਧਾਰਨਾਵਾਂ ਅਤੇ ਮੁੱਦਿਆਂ ਨੂੰ ਸਮਗੱਰ ਰੂਪ ਵਿਚ ਸਮਝਣ ਵਿਚ ਮਦਦ ਕਰ ਸਕਦਾ ਹੈ। ਪ੍ਰਾਇਮਰੀ/ਮੁੱਢਲੇ ਪੱਧਰ ਤੇ EVS ਪਾਠਕ੍ਰਮ ਲਈ 'ਪਾਣੀ' ਇਕ ਵਿਸ਼ਾ ਹੋ ਸਕਦਾ ਹੈ। EVS ਵਿਚ ਸਮਾਂਵੇਸ਼ੀ ਪਰਿਪੱਖ ਵਿਕਸਿਤ ਕਰਣ ਅਤੇ ਸਿੱਖਣ ਦੇ ਕਈ ਮੌਕੇ ਪ੍ਰਦਾਨ ਕਰਣ ਲਈ, ਵਿਸ਼ੇ ਦੇ ਰੂਪ ਵਿਚ ਇਸਦਾ ਦਾਇਰਾ ਵਿਆਪਕ ਹੈ। ਇਹ ਜਮਾਤ 3 ਤੋਂ ਜਮਾਤ 5 ਤਕ ਦੀਆਂ ਅਵਧਾਰਨਾਵਾਂ/ਸੰਕਲਪ ਨੂੰ ਇਕ ਸੀਮਾ ਵਿਚ ਬੰਨਦਾ ਹੈ, ਜੋ ਹੌਲੀ-ਹੌਲੀ ਬੱਚੇ ਵਿਚ ਨੇੜੇ ਦੀ ਦੁਨੀਆਂ ਬਾਰੇ ਸਮਝ ਨੂੰ ਵਧਾਉਂਦਾ ਹੈ, ਜੋ 'ਆਪਣੇ ਆਪ' ਅਤੇ ਉਸਦੇ ਪਰਿਵਾਰ ਤੋਂ ਸ਼ੁਰੂ ਹੁੰਦਾ ਹੈ। (ਮੇਰੇ ਅਤੇ ਪਰਿਵਾਰ ਲਈ ਪਾਣੀ, ਆਪਣੇ ਘਰਾਂ ਵਿਚ ਪਾਣੀ ਦੀ ਵਰਤੋਂ ਅਤੇ ਭੰਡਾਰਣ ਦੇ ਮਹੱਤਵ ਨੂੰ ਸਮਝਣ) ਆਂਢ-ਗੁਆਂਢ ਅਤੇ ਮੁਹੱਲੇ ਤੋਂ (ਆਂਢ-ਗੁਆਂਢ ਵਿਚ ਜਲ ਸ੍ਰੋਤਾਂ ਦਾ ਮਾਨ ਚਿੱਤਰ (ਨਕਸ਼ਾ) ਜੇਂਡਰ, ਹੋਰ ਭੇਦ-ਭਾਵ ਭਰਿਆ ਵਿਵਹਾਰ, ਗੁਆਂਢ ਵਿਚ ਪਾਣੀ ਦੇ ਝੱਗੜੇ) ਵੱਡੇ ਪਰਿਪੇਖ ਵਿਚ (ਕੁਦਰਤੀ) ਸੰਸਧਾਨਾਂ ਉਤੇ ਕਿਸਦਾ ਆਧਾਰ ਹੈ ? ਇਸ ਤੋਂ ਇਲਾਵਾ ਦੂਸਰੀਆਂ ਪ੍ਰਜਾਤੀਆਂ ਦਾ ਜਲ ਪ੍ਰਦੂਸ਼ਣ ਤੇ ਪ੍ਰਭਾਵ, ਪਾਣੀ ਦੇ ਇਤਹਾਸਿਕ ਸ੍ਰੋਤਾਂ ਦਾ ਪਤਾ ਲਗਾਉਣਾ, ਜਲ ਸੁਰੱਖਿਅਣ ਦੇ ਪੰਰਪਰਾਗਤ ਅਤੇ ਆਧੁਨਿਕ ਤਰੀਕਾ। ਇਸ ਤੋਂ ਇਲਾਵਾ, ਇਸ ਵਿਚ ਕਈ ਪ੍ਰਕ੍ਰਿਆ ਕੌਸ਼ਲ ਜਿਵੇਂ- ਅਵਲੋਕਨ, ਪ੍ਰਯੋਗ, ਮਾਪ, ਅਨੁਮਾਨ ਅਤੇ ਮਾਨਚਿੱਤਰ ਦੇ ਵਿਕਾਸ ਦੀਆਂ ਸੰਭਾਵਨਾਵਾਂ ਹਨ, ਜੋ ਸਾਰੇ ਵਿਸ਼ਿਆਂ ਦੇ ਲਈ ਹੈ। ਇਹ ਖੰਡ/ਭਾਗ ਤੁਹਾਡੇ ਵਿਦਿਆਥੀਆਂ ਦੇ ਜੀਵਨ ਵਿਚ ਸਬੰਧਿਤ ਮੁੱਦਿਆਂ ਉਤੇ ਚਿੰਤਨ ਕਰਨ ਅਤੇ ਉਹਨਾਂ ਨੂੰ ਪਾਣੀ ਤੇ ਵਿਸ਼ਿਆ ਨਾਲ ਜੁੜੇ ਸਰੋਕਾਰਾਂ ਅਤੇ ਮੁੱਦਿਆਂ ਦੀ ਸਮਝ ਪੈਦਾ ਕਰਣ ਦੀ ਮਦਦ ਕਰੇਗਾ। ਇਸ ਤੋਂ ਇਲਾਵਾ ਇਸ ਵਿਸ਼ੇ ਦੀ ਅੰਤਰ ਵਿਸ਼ਿਆਂ ਦੀ ਕੜੀਆਂ ਤੁਹਾਨੂੰ ਹੇਠ ਪਾਠਕ੍ਰਮਾਂ ਦੇ ਖੇਤਰਾਂ ਅਤੇ ਈ.ਵੀ.ਐਸ ਸਿੱਖਣ ਦੀਆਂ ਵੱਖ-ਵੱਖ ਪ੍ਰਕ੍ਰਿਆ-ਕੁਸ਼ਲਤਾਵਾਂ ਨੂੰ ਸਮਝਣ ਅਤੇ ਸਿੱਖਲਾਈ ਦੇਣ ਵਿਚ ਮਦਦ ਕਰੇਗਾ।

<u>ਆਓ ਵਿਚਾਰ ਕਰੀਏ:</u>

- 'ਜਲ' ਇਕ ਵਿਸ਼ੇ ਦੇ ਅੰਤਰਗਤ ਈ.ਵੀ.ਐਸ ਵਿਚ ਸਮਾਂਵੇਸ਼ੀ ਪਰਿਪੇਖ ਬਣਾਉਣ ਲਈ ਕਿਹੜੇ ਸੰਕਲਪ ਅਤੇ ਮੁੱਦੇ ਉਠਾਏ ਜਾ ਸਕਦੇ ਹਨ?
- 'ਜਲ' ਨਾਲ ਸੰਬਧਿਤ ਸੰਕਲਪਾਂ ਅਤੇ ਮੁੱਦਿਆਂ ਨੂੰ ਸੂਚੀਬੱਧ ਕਰਣ ਦੀਆਂ ਕੋਸ਼ਿਸ਼ਾ ਕਰੋ, ਇਨ੍ਹਾਂ ਨੂੰ mind mapping (ਮਾਈਂਡ ਮੈਪਿੰਗ) ਦੇ ਸਵਰੂਪ ਵਿਚ ਪ੍ਰਸਤੁਤ ਕਰੋ।

  ਅਜਿਹਾ ਹੀ ਇਕ mind map ਹੇਠਾਂ ਦਿੱਤਾ ਗਿਆ ਹੈ।




ਇਸ ਵਿਚ ਕੁਝ ਹੋਰ ਜੋੜਨ ਦੀ ਕੋਸ਼ਿਸ਼ ਕਰੋ।

- ਇਹ ਕਿਸੇ ਹੋਰ ਵਿਸ਼ਾ ਖੇਤਰ ਨਾਲ ਸਬੰਧਤ ਜਾਂ ਜੁੜੇ ਹੋਏ ਹਨ?
- ਕੀ ਤੁਸੀਂ ਆਪ ਇਸਦਾ ਈ.ਵੀ.ਐਸ ਦੇ ਹੋਰ ਵਿਸ਼ਿਆਂ ਨਾਲ ਸਬੰਧ ਸਥਾਪਿਤ ਕਰ ਸਕਦੇ ਹੋ।
- ਕੀ ਤੁਸੀ਼ EVS ਵਿਚ ਸਮੇਕਿਤ ਪਰਿਪੇਖ ਤੋਂ ਦੇਖਦੇ ਹੋ? ਕਿਵੇਂ?

ਹੁਣ ਅਸੀਂ ਇਹ ਸਮਝਣ ਲਈ ਕੁਝ ਸੰਕਲਪਾਂ/ਮੁੱਦਿਆਂ ਨੂੰ ਉਠਾਉਂਦੇ ਹਨ ਕਿ ਅਧਿਆਪਕ ਕਿਵੇਂ ਬੱਚਿਆਂ ਵਿਚ ਲੋੜੀਂਦਾ ਗਿਆਨ ਕੁਸ਼ਲਤਾਵਾਂ ਅਤੇ ਕੀਮਤਾਂ/ਕਦਰਾਂ ਨੂੰ ਆਤਮਸ਼ਾਤ ਕਰਣ ਵਿਚ ਮਦਦ ਕਰਣ ਲਈ ਸਾਰਥਕ ਸਿੱਖਣ ਮੌਕੇ ਪੈਦਾ ਕਰ ਸਕਦੇ ਹਨ।

**ਯੋਜਨਾ ਅਤੇ ਸਿੱਖਣ ਦਾ ਤਜਰਬਾ (ਅਨੁਭਵ) ਬਣਾਉਣਾ**

ਜਲ ਦੇ ਸ੍ਰੋਤਾਂ ਦੇ ਬਾਰੇ ਵਿਚ ਬੱਚਿਆਂ ਦੀ ਆਪਣੀ ਸਮਝ ਹੈ ਕਿਉਂਕਿ ਉਹ ਇਨ੍ਹਾਂ ਨੂੰ ਪ੍ਰਤੱਖ ਥਾਵਾਂ ਨਾਲ ਜੋੜਦੇ ਹਨ ਜੋ ਉਹਨਾਂ ਨੂੰ ਦੇਖਣ/ਵਰਤੋਂ ਲਈ ਲੈਣ ਲਈ ਮਿਲਦੇ ਹਨ ਅਤੇ ਕੁਝ ਬੱਚੇ ਜਲ ਦੇ ਸ੍ਰੋਤਾਂ ਦੇ ਬਾਰੇ ਵਿਚ ਕੁਝ ਵਿਕਲਪਿਕ ਰੂਪ-ਰੇਖਾ ਅਤੇ ਵਿਕਲਪਿਕ ਸੰਕਲਪਾਂ ਨੂੰ ਮਨ ਵਿਚ ਵਸਾ ਸਕਦੇ ਹਨ। ਬੱਚਿਆਂ ਨੂੰ ਇਸਤੋਂ ਉਭਰਨ ਵਿਚ ਸਹਾਇਤਾ ਕਰਣ ਲਈ ਇਹ ਮਹੱਤਵਪੂਰਣ ਹੈ ਕਿ ਬੱਚੇ ਦੇ ਪਾਣੀ ਦੇ ਸ੍ਰੋਤਾਂ ਦੇ ਬਾਰੇ ਪਿਛਲੇ ਤਜਰਿਬਿਆਂ ਨੂੰ ਇਕੱਠਾ ਕਰਣ ਅਤੇ ਉਹਨਾਂ ਨੂੰ ਸੰਕਲਪਾਂ ਦਾ ਨਿਰਮਾਣ ਕਰਣ ਵਿਚ ਸਹਿਯੋਗ ਪ੍ਰਦਾਨ ਕਰਣ।

**ਪਾਣੀ (ਜਲ) ਉਪਲੱਬਧਤਾ, ਪਹੁੰਚ ਅਤੇ ਵੰਡ**

**ਗਤੀਵਿਧੀ-1**

ਬੱਚਿਆਂ ਨੂੰ ਪੁੱਛੋਂ ਕਿ ਉਹਨਾਂ ਦੇ ਘਰ ਪਾਣੀ ਕਿਥੋਂ ਆਉਂਦਾ ਹੈ ? ਉਹਨਾਂ ਨੂੰ ਇਕ-ਇਕ ਜੁਆਬ ਦੇਣ ਦਿਉ ਅਤੇ ਉਹਨਾਂ ਦੇ ਜੁਆਬਾਂ ਨੂੰ ਬੋਰਡ ਦੇ ਲਿਖਿਆ ਜਾ ਸਕਦਾ ਹੈ। ਬੱਚੇ ਨਦੀ, ਜਲਧਾਰਾ, ਖੂਹ, ਮੀਂਹ, ਨਲਕੇ, ਹੈਂਡਪੰਪ,

ਆਦਿ ਅਜਿਹੀਆਂ ਕਈ ਪ੍ਰਤੀਕਿਆਵਾਂ ਦੇ ਸਕਦੇ ਹਨ। ਕੁਝ ਬੱਚੇ ਡੱਬੇ, ਘੜਾ, ਬਾਲਟੀ ਆਦਿ ਵੀ ਕਹਿ ਸਕਦੇ ਹਨ। ਸਾਰੇ ਪ੍ਰਤਿਕ੍ਰਿਆਵਾਂ ਨੂੰ ਸਵੀਕਾਰ ਕਰੋ ਅਤੇ ਉਹਨਾਂ ਨੂੰ ਬੋਰਡ ਤੇ ਲਿਖੋ।

**ਧਿਆਨ ਦਿਉ:**- ਉਹਨਾਂ ਦੀਆਂ ਪ੍ਰਤਿਕ੍ਰਿਆਵਾਂ ਨੂੰ ਸਹੀ ਜਾਂ ਗਲਤ ਦੱਸਣ ਦੀ ਕੋਈ ਕੋਸ਼ਿਸ਼ ਨਾ ਕਰੋ।

ਤੁਸੀਂ ਪ੍ਰਤਿਕ੍ਰਿਆਵਾਂ ਨੂੰ ਵੇਖਕੇ ਉਹਨਾਂ ਵਿਦਿਆਰਥੀਆਂ ਦੀ ਪਹਿਚਾਨ ਕਰ ਸਕਦੇ ਹੋ ਜਿਨ੍ਹਾਂ ਨੇ ਜਲ ਸ੍ਰੋਤਾਂ ਦੀ ਵਿਕਲਪਿਕ ਰੂਪਰੇਖਾਵਾਂ ਬਣਾਈਆਂ ਹਨ।ਅਧਿਆਪਕ ਪ੍ਰਸ਼ਨ ਪੁੱਛਕੇ ਉਹਨਾਂ ਦੀ ਵਿਚਾਰ ਪ੍ਰਕ੍ਰਿਆ ਨੂੰ ਚੁਨੌਤੀ ਦੇ ਸਕਦਾ ਹੈ ਅਤੇ ਪੁਨਰ ਨਿਰਮਾਣ ਪ੍ਰਕ੍ਰਿਆ ਨੂੰ ਸੁਵਿਧਾਜਨਕ ਬਣਾ ਸਕਦਾ ਹੈ। ਅਧਿਆਪਕ ਕਿਸੇ ਅਜੀਬ ਪ੍ਰਤੀਕ੍ਰਿਆ ਨੂੰ ਚੁਣਕੇ ਕੁਝ ਹੋਰ ਪ੍ਰਸ਼ਨ ਪੁੱਛ ਕੇ ਬੱਚਿਆਂ ਦੇ ਵਿਚ ਚਰਚਾ ਨੂੰ ਪ੍ਰੋਤਸਾਹਿਤ ਕਰ ਸਕਦਾ ਹੈ। ਜਿਵੇਂ:-

- ਆਪਣੇ/ਉਹਨਾਂ ਨੇ ਘੜੇ ਵਿਚ ਪਾਣੀ ਕਿਥੋਂ ਲਿਆ ਸੀ ?
- ਕਿਸੇ ਵੀ ਵੱਖਰੀ (ਉਲਟੀ) ਪ੍ਰਤੀਕ੍ਰਿਆ ਦਾ ਵਿਸ਼ਲੇਸ਼ਣ ਕਰਣ ਅਤੇ ਬੱਚਿਆਂ ਨੂੰ ਪ੍ਰਸ਼ਨ ਪੁੱਛਕੇ ਅਤੇ ਉਹਨਾਂ ਨੂੰ ਲੋੜੀਂਦੀ ਸਿੱਖਿਆ ਵਿਚ ਯੋਗ ਬਣਾਕੇ ਕਈ ਵਿਕਲਪੀ ਰੂਪਰੇਖਾਵਾਂ ਨੂੰ ਜਾਨਣ ਵਿਚ ਮਦਦ ਮਿਲਦੀ ਹੈ। ਵਿਦਿਆਰਥੀਆਂ ਦੇ ਮਨਾਂ ਵਿਚ ਉਠਣ ਵਾਲੇ ਵਿਕਲਪ ਰੂਪਰੇਖਾਵਾਂ ਨੂੰ ਚੁਨੌਤੀ ਦੇਣ ਦੇ ਮੌਕਾ ਪੈਦਾ ਕਰਣ ਲਈ ਪ੍ਰਸ਼ਨ ਜਾਰੀ ਰੱਖੋ।
- ਜਦੋਂ ਤਕ ਬੱਚੇ ਪਾਣੀ ਦੇ ਸ੍ਰੋਤਾਂ ਦਾ ਪਤਾ ਲਗਾਉਣ ਵਿਚ ਯੋਗ ਨਹੀਂ ਹੋ ਜਾਂਦੇ, ਤਦ ਤਕ ਬੋਰਡ ਉੱਤੇ ਪ੍ਰਤੀਕ੍ਰਿਆਵਾਂ ਨੂੰ ਦਰਜ ਕਰਦੇ ਰਹੋ ਅਤੇ ਚਰਚਾ ਨੂੰ ਸਰਲਤਾ ਨਾਲ ਅੱਗੇ ਵਧਾਉਦੇ ਜਾਉ। ਹੁਣ, ਉਹਨਾਂ ਨੂੰ ਹੇਠ ਲਿਖੇ ਅਨੁਸਾਰ ਉਹਨਾਂ ਦੀਆਂ ਪ੍ਰਤੀਕ੍ਰਿਆਵਾਂ ਨੂੰ ਵਰਗੀਕ੍ਰਿਤ ਕਰਣ ਵਿਚ ਮਦਦ ਕਰੋ।

| 1. ਉਹ ਚੀਜਾਂ ਜਿਨ੍ਹਾਂ ਵਿਚ ਅਸੀਂ ਪਾਣੀ ਜਮ੍ਹਾਂ ਕਰਦੇ ਹਾਂ | 2. ਉਹ ਚੀਜਾਂ ਜਿਨ੍ਹਾਂ ਵਿਚ ਪਾਣੀ ਖੁਦ ਆ ਜਾਂਦਾ ਹੈ। |
|---|---|
| 1. ਪੀਪਾ/ਡਿੱਬਾ | 1. ਧਾਰਾ |
| 2. ਬਾਲਟੀ | 2. ਤਲਾਬ |

ਜੇਕਰ ਕੁਝ ਬੱਚੇ ਪਹਿਲੇ ਬਕਸੇ/ਖਾਨੇ ਵਿਚ ਹੈਂਡਪੰਪ ਅਤੇ ਖੂਹ ਲਿਖਦੇ ਹਨ ਤਾਂ ਤੁਸੀਂ ਕੀ ਕਰੋਗੇ?

**ਸੰਕੇਤ:** ਅਧਿਆਪਕ ਉਪਰੋਕਤ ਪ੍ਰਸ਼ਨਾਂ ਦੇ ਨਾਲ ਅੱਗੇ ਦੀ ਚਰਚਾ ਨੂੰ ਸੁਵਿਧਾਜਨਕ ਬਣਾ ਸਕਦੇ ਹਨ?

**ਉਦਾਹਰਣ ਲਈ**

ਕੀ ਕਿਸੇ ਨੇ ਖੂਹ ਵੇਖਿਆ ਹੈ? ਕਿਥੇ?

ਧਿਆਨ ਦਿਉ: ਬੱਚੇ ਖੂਹ/ਨਲਕਾ/ਟਿਊਬਵੈਲ ਦੇ ਬਾਰੇ ਪ੍ਰਤੀਕ੍ਰਿਆ ਦੇ ਸਕਦੇ ਹਨ।

ਹੁਣ ਅਧਿਆਪਕ ਪੁੱਛ ਸਕਦੇ ਹਨ

- ਹੈਡਪੰਪ/ਖੂਹ/ਨਲਕੇ ਵਿਚ ਪਾਣੀ ਕਿਥੋਂ ਆਉਂਦਾ ਹੈ?

- ਤੁਹਾਨੂੰ ਕੀ ਪਤਾ ਲਗਦਾ ਹੈ ਕਿ ਭੂਮੀਗਤ ਜਲ ਕਿਥੋਂ ਆਉਂਦਾ ਹੈ?
- ਮੀਂਹ ਦੇ ਬਾਅਦ ਪਾਣੀ ਕਿਥੇ ਚਲਾ ਜਾਂਦਾ ਹੈ ?

ਇਹ ਬੱਚਿਆਂ ਨੂੰ ਜਲ ਦੇ ਭੰਡਾਰਣ ਦੇ ਤਰੀਕਿਆਂ ਨਾਲ ਜਲ ਸ੍ਰੋਤਾਂ ਦੇ ਵਿਚ ਅੰਤਰ ਸਪਸ਼ਟ ਕਰਣ ਵਿਚ ਮਦਦ ਕਰੇਗਾ।

**ਆਉ ਵਿਚਾਰ ਕਰੀਏ**

ਜੇਕਰ ਕੁਝ ਬੱਚਿਆਂ ਵਿਚ ਅਜੇ ਵੀ ਜਲ ਸ੍ਰੋਤਾਂ ਦੇ ਬਾਰੇ ਵਿਚ ਕੋਈ ਵਿਕਲਪੀ ਸੰਕਲਪ ਹੈ, ਤਾਂ ਤੁਸੀਂ ਉਹਨਾਂ ਦੀ ਮਦਦ ਕਿਵੇਂ ਕਰੋਗੇ?

**ਸੰਕੇਤ:** ਜੇਕਰ ਹੋਵੇ ਤਾਂ ਅਧਿਆਪਕ ਬੱਚਿਆਂ ਨੂੰ ਇਹ ਦਿਖਾਉਣ ਲਈ ਬਾਹਰ ਲਿਜਾ ਸਕਦੇ ਹਨ ਕਿ ਉਹਨਾਂ ਦੇ ਘਰ/ਸਕੂਲ ਵਿਚ ਪਾਣੀ ਕਿਵੇਂ ਉਪਲਬੱਧ ਹੁੰਦਾ ਹੈ।

**ਗਤੀਵਿਧੀ–2**

ਬੱਚਿਆਂ ਨੂੰ ਉਸ ਜਗ੍ਹਾ/ਸਥਾਨ ਤੇ ਲੈ ਜਾਉ ਜਿਥੋਂ ਉਹਨਾਂ ਦੇ ਸਕੂਲ ਵਿਚ ਪੀਣ ਦਾ ਪਾਣੀ ਮਿਲਦਾ ਹੈ। ਜਿਵੇਂ ਨਲਕਾ ਅਤੇ ਫਿਰ ਇਸਦੇ ਬਾਰੇ ਵਿਚ ਕੁਝ ਹੋਰ ਸਵਾਲ ਪੁੱਛ ਸਕਦੇ ਹਨ?

- ਇਸ ਨਲਕੇ ਵਿਚ ਪਾਣੀ ਕਿਥੋਂ ਆਉਂਦਾ ਹੈ?
- ਇਸਦਾ ਉਤਰ ਦੇਣ ਲਈ ਬੱਚਿਆਂ ਨੂੰ ਵੱਡੀ ਟੈਂਕੀ ਉਪਰ ਲਿਜਾਇਆ ਜਾ ਸਕਦਾ ਹੈ ਅਤੇ ਵਿਖਾਇਆ ਜਾ ਸਕਦਾ ਹੈ ਕਿ ਨਲਕੇ ਵਿਚ ਪਾਣੀ ਕਿਵੇਂ ਆਉਂਦਾ ਹੈ।
- ਬੱਚੇ ਸਵਾਲ ਪੁੱਛ ਸਕਦੇ ਹਨ ਕਿ ਟੈਂਕੀ ਵਿਚ ਪਾਣੀ ਕਿਵੇਂ ਭਰਦਾ ਹੈ।


ਇਹ ਵੀ ਸੰਭਵ ਹੈ ਕਿ ਬੱਚੇ ਇਹੋ ਜਿਹੇ ਸਵਾਲਾਂ ਦਾ ਤੁਰੰਤ ਜੁਆਬ ਨਾ ਦੇ ਸਕਣ। ਅਧਿਆਪਕ ਉਹਨਾਂ ਖੇਤਰਾਂ ਦੇ ਸਥਾਨਕ ਸੰਦਰਭਾਂ ਦੇ ਅਨੁਸਾਰ ਸਮਝਣ ਵਿਚ ਮਦਦ ਕਰ ਸਕਦੇ ਹਨ। ਜੇਕਰ ਸੰਭਵ ਹੋਵੇ ਤਾਂ ਉਹਨਾਂ ਨੂੰ ਇਹ ਪਤਾ ਲਗਾਉਣ ਵਿਚ ਮਦਦ ਕੀਤੀ ਜਾ ਸਕਦੀ ਹੈ ਕਿ ਇਹ ਖੇਤਰ ਦੀ ਵੱਡੀ ਟੈਂਕੀ ਹੈ ਜਾਂ ਨਦੀ, ਝੀਲ ਜਾਂ ਇਥੋਂ ਤਕ ਕਿ ਪਾਣੀ ਦਾ ਸ੍ਰੋਤ ਜ਼ਮੀਨ ਤੇ ਅੰਦਰ ਹੈ ਆਦਿ। ਇਸ ਵਿਚ ਅਧਿਆਪਕਾਂ ਜਾਂ ਉਹਨਾਂ ਦੇ ਵੱਡੇ/ਬਜ਼ੁਰਗਾਂ ਦੀ ਮਦਦ ਲਈ ਜਾ ਸਕਦੀ ਹੈ।

**ਗਤੀਵਿਧੀ–3**

ਬੱਚਿਆਂ ਨੂੰ ਚਿੱਤਰ ਬਣਾਕੇ ਇਹ ਦੱਸਣ ਲਈ ਕਹੋ ਕਿ ਉਹਨਾਂ ਨੂੰ ਘਰ ਵਿਚ ਪਾਣੀ ਕਿਵੇਂ ਮਿਲਦਾ ਹੈ?

ਤੀਸਰੀ ਜਮਾਤ ਦੇ ਕੁਝ ਬੱਚਿਆਂ ਨੂੰ ਜਦੋਂ ਇਸ ਗਤੀਵਿਧੀ ਦਾ ਅਨੰਦ ਲੈਣ ਲਈ ਪ੍ਰੋਤਸਾਹਿਤ ਕੀਤਾ ਗਿਆ ਤਾਂ ਉਹਨਾਂ ਨੇ ਸੁੰਦਰ ਚਿੱਤਰ ਬਣਾਏ। ਹੇਠਾਂ ਇਕ ਨਮੂਨਾ ਦਿੱਤਾ ਗਿਆ ਹੈ।

ਯਾਦ ਰਖੋ ਕਿ ਜਦੋਂ ਬੱਚਿਆਂ ਨੂੰ ਕਲਾਂ ਅਤੇ ਸ਼ਿਲਪ ਗਤੀਵਿਧੀਆ ਦੇ ਮਾਧਿਅਮ ਨਾਲ ਰਚਨਾਤਮਕਤਾ ਵਿਅਕਤ ਕਰਣ ਦੇ ਮੌਕੇ ਮਿਲਦੇ ਹਨ ਤਾਂ ਉਹਨਾਂ ਨੂੰ ਸਿਰਫ਼ ਮੋਜੂਦਾ ਗਤੀਵਿਧੀਆਂ ਦੇ ਰੂਪ ਵਿਚ ਨਹੀਂ ਸਮਝਣਾ ਚਾਹੀਦਾ, ਸਗੋਂ ਇਹ ਆਪਣੇ ਬੱਚਿਆਂ ਦੀਆਂ ਪ੍ਰਤੀਕ੍ਰਿਆਵਾਂ ਦਾ ਵਿਸ਼ਲੇਸ਼ਣ ਕਰਣ ਲਈ ਮੌਕੇ ਪ੍ਰਦਾਨ ਹਨ ਤਾਂ ਜੋ ਉਹਨਾਂ ਨੂੰ ਲੋੜੀਦੀ ਸਿੱਖਣ ਦਿਸ਼ਾ ਵਿਚ ਸਹਿਯੋਗ ਪ੍ਰਦਾਨ ਕੀਤਾ ਜਾ ਸਕੇ।




ਬੱਚਿਆਂ ਨੂੰ ਮੁੱਦਿਆਂ ਲਈ ਡੂੰਘੇ ਅੰਤਰਦ੍ਰਿਸ਼ਟੀ ਪ੍ਰਦਾਨ ਕਰਣ ਵਿਚ ਯੋਗ ਬਣਾਉਣ ਲਈ ਅਧਿਆਪਕ ਇਨ੍ਹਾਂ ਚਿੱਤਰਾਂ ਦੀ ਵਰਤੋਂ ਕਰਕੇ ਬੱਚਿਆ ਦੇ ਸੰਦਰਭਾਂ ਨੂੰ ਸਮਝਣ ਵਿਚ ਹੋਰ ਚਰਚਾ ਕਰ ਸਕਦੇ ਹਨ। ਚਰਚਾ ਦੇ ਲਈ ਕੁੱਝ ਪ੍ਰਸ਼ਨ ਪੁੱਛੇ ਜਾ ਸਕਦੇ ਹਨ।

- ਤੁਹਾਨੂੰ ਕੀ ਲਗਦਾ ਹੈ ਕਿ ਮਾਨਵੀ ਨੇ ਪਾਣੀ ਦੀ ਟੈਂਕੀ ਲਗਾਈ ਹੈ?
- ਸਲਿਲੀ ਨੇ ਆਪਣੇ ਚਿੱਤਰ ਵਿਚ ਇੱਕ ਮੋਟਰ ਕਿਉਂ ਜੋੜੀ ਹੈ?

ਇਸ ਤਰ੍ਹਾਂ ਦੇ ਪ੍ਰਸ਼ਨ ਬੱਚਿਆ ਲਈ ਚੁਨੌਤੀ ਪੂਰਣ ਹੋ ਸਕਦੇ ਹਨ, ਪਰ ਅਧਿਆਪਕ ਨੂੰ ਚਰਚਾ, ਵੀਡੀਓ, ਵੱਡਿਆਂ ਨਾਲ ਗੱਲਬਾਤ, ਗੁਆਂਢੀਆਂ ਦੀ ਵੱਡੀ ਟੈਂਕੀ ਦੀ ਯਾਤਰਾ, ਜਲ ਬੋਰਡ ਦੇ ਦਫ਼ਤਰ ਆਦਿ ਵਰਗੇ ਉਪਯੁਕਤ ਸਾਧਨਾਂ ਦੀ ਵਰਤੋਂ ਕਰਕੇ ਸਮਝਣ ਵਿਚ ਸਹਿਯੋਗ ਪ੍ਰਦਾਨ ਕਰਣ ਦੀ ਜਰੂਰਤ ਹੈ।

ਅਧਿਆਪਕ ਸਥਾਨਕ ਸੰਦਰਭ ਵਿਚ ਕੁਝ ਹੋਰ ਪ੍ਰਸ਼ਨ ਉਠਾ ਸਕਦੇ ਹਨ ਅਤੇ ਬੱਚਿਆਂ ਨੂੰ ਆਪਣੇ ਅਨੁਭਵ/ਤਜਰਬੇ ਸਾਂਝਾ ਕਰਣ ਅਤੇ ਪਾਣੀ ਦੀ ਉਪਲੱਬਧਤਾ ਅਤੇ ਵੰਡ ਸਬੰਧੀ ਅਸਮਾਨਤਾਵਾਂ ਦੇ ਬਾਰੇ ਮੁੱਦਿਆਂ ਦੇ ਪ੍ਰਤੀ ਬੱਚਿਆਂ ਨੂੰ ਜਾਗਰੂਕ ਕਰਣ ਲਈ ਕਹਿ ਸਕਦੇ ਹਨ।

## ਗਤੀਵਿਧੀ-4

ਕ੍ਰਿਪਾ ਕਰਕੇ ਹੇਠਾਂ ਦਿੱਤਾ ਗਿਆ ਪੋਸਟਰ ਵੇਖੋ। ਅਧਿਆਪਕ ਪਾਣੀ ਦੇ ਅਸਮਾਨ ਵੰਡ ਅਤੇ ਲੋਕਾਂ ਦੇ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਉੱਤੇ ਚਰਚਾ ਕਰਣ ਲਈ ਇਸਦੀ ਵਰਤੋਂ ਕਰ ਸਕਦੇ ਹਨ। ਆਉ ਦੇਖਦੇ ਹਾਂ ਕਿਵੇਂ।

**ਚਰਚਾ ਦੇ ਕੁਝ ਵਿਸ਼ੇ ਹੋ ਸਕਦੇ ਹਨ-**

- ਪਾਣੀ ਸਾਰਿਆਂ ਦੀ ਹੋਂਦ ਲਈ ਜਰੂਰੀ ਹੈ ਅਤੇ ਇਹ ਧਰਤੀ ਤੇ ਸਾਰਿਆਂ ਲਈ ਉਪਲੱਬਧ ਹੈ।
- ਉਹ ਕਿਹੜੇ ਤਰੀਕੇ ਹਨ ਜਿਨ੍ਹਾਂ ਦੁਆਰਾ ਲੋਕਾਂ ਨੂੰ ਉਹਨਾਂ ਦੇ ਘਰ ਪਾਣੀ ਮਿਲਦਾ ਹੈ?
- ਇਨ੍ਹਾਂ ਲੋਕਾਂ ਨੂੰ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਸਾਹਮਣਾ ਕਰਨਾ ਪੈ ਸਕਦਾ ਹੈ?
- ਕੀ ਸਾਰਿਆਂ ਨੂੰ ਪੀਣ ਅਤੇ ਹੋਰ ਜਰੂਰਤਾਂ ਨੂੰ ਪੂਰਾ ਕਰਣ ਲਈ ਕਾਫ਼ੀ ਪਾਣੀ ਮਿਲਦਾ ਹੈ?
- ਕੀ ਇਸ ਨਾਲ ਦੂਸਰਿਆਂ ਨੂੰ ਪਰੇਸ਼ਾਨੀ ਹੋ ਸਕਦੀ ਹੈ?
- ਕੀ ਤੁਸੀ਼ਂ ਕਈ ਇਹੋ ਜਿਹੀ ਸਥਿਤੀਆਂ ਦਾ ਅਨੁਭਵ ਕੀਤਾ ਹੈ?
- ਤੁਹਾਡੇ ਘਰ ਵਿਚ ਕੌਣ ਅਤੇ ਕਿੰਨੀ ਦੂਰ ਤੋਂ ਪਾਣੀ ਲਿਆਉਂਦਾ ਹੈ?
- ਕੀ ਸਾਰੇ ਲੋਕ ਪਾਣੀ ਤੇ ਇਕੋ ਜਿਹੇ ਸ੍ਰੋਤ ਦੀ ਵਰਤੋਂ ਕਰਦੇ ਹੈ?
- ਉਹ ਲੋਕ ਕੌਣ ਹਨ? ਉਹ ਕਿਸ ਤਰ੍ਹਾਂ ਦਾ ਕੰਮ ਕਰਦੇ ਹਨ?




**ਧਿਆਨ ਦਿਉ:-** ਕ੍ਰਿਪਾ ਕਰਕੇ ਧਿਆਨ ਦਿਓ ਕਿ ਜਾਤ, ਵਰਗ ਦੇ ਮੁੱਦਿਆਂ ਉੱਤੇ ਬੱਚਿਆਂ ਦੇ ਦ੍ਰਿਸ਼ਟੀਕੋਣ ਉੱਤੇ ਬਹੁਤ ਸੰਵੇਦਨਸ਼ੀਲ ਰੂਪ ਵਿਚ ਚਰਚਾ ਕਰਣ ਦੀ ਲੋੜ ਹੈ।

## ਆਓ ਵਿਚਾਰ ਕਰੀਏ।

- ਕੀ ਤੁਸੀਂ ਕੁਝ  ਹੋਰ ਗਤੀਵਿਧੀਆਂ ਤਿਆਰ ਕਰ ਸਕਦੇ ?
- ਅਧਿਆਪਕ ਨੇ 1 ਤੋਂ 4 ਤਕ ਦੀਆਂ ਗਤੀਵਿਧੀਆਂ ਵਿਚ ਕਿਹੜੀਆਂ ਰਣਨੀਤੀਆਂ ਦੀ ਵਰਤੋਂ ਕੀਤੀ ਹੈ?
- ਉਪਰੋਕਤ ਗਤੀਵਿਧੀਆਂ ਵਿਚ ਕਿਹੜੀ ਪ੍ਰਕ੍ਰਿਆ ਕੁਸ਼ਲਤਾ ਉਤੇ ਜੋਰ ਦਿਤਾ ਗਿਆ ਹੈ?
- ਕੀ ਤੁਹਾਨੂੰ ਲਗਦਾ ਹੈ ਕਿ ਈ.ਵੀ.ਐਸ ਕਲਾ ਸਿੱਖਿਆ ਨੂੰ ਸਮੇਕਿਤ ਕਰਣ ਲਈ ਕੋਈ ਮੌਕੇ ਪ੍ਰਦਾਨ ਕਰਦਾ ਹੈ? ਕਿਵੇਂ?
- ਕੀ ਤੁਹਾਨੂੰ ਲਗਦਾ ਹੈ ਕਿ ਕਿਸੇ ਸਮਾਜਿਕ ਮੁੱਦੇ ਉੱਤੇ ਧਿਆਨ ਦਿਤਾ ਗਿਆ ਸੀ? ਕਿਹੜੇ ਅਤੇ ਕਿਵੇਂ?

## ਜਲ-ਵਿਗਿਆਨਿਕ ਸਿਧਾਂਤ ਅਤੇ ਪ੍ਰਕ੍ਰਿਆਵਾਂ

ਆਪਣੀ ਵਿਸ਼ਸ਼ਟ ਰਸਾਇਣਿਕ ਸੰਰਚਨਾ ਦੇ ਕਾਰਣ ਸਥਿਤੀ, ਰੰਗ, ਸੁਆਦ ਅਤੇ ਧਰੁੱਵੀਕਰਣ ਵਰਗੀਆਂ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਪਾਣੀ ਸਰਵਭੂਮਿਕ ਅਤੇ ਅਦੱਤੀ ਹੈ ਅਤੇ ਇਹ ਵੱਖ-ਵੱਖ ਵਿਗਿਆਨਕ ਘਟਨਾਵਾਂ ਅਤੇ ਸਿਧਾਂਤਾਂ ਦਾ

ਪਤਾ ਲਗਾਉਣ ਲਈ ਵਧੀਆਂ ਮੌਕੇ ਪ੍ਰਦਾਨ ਕਰਦਾ ਹੈ। ਬਹੁਤ ਘੱਟ ਉਮਰ ਵਿਚ ਹੀ ਬੱਚਿਆਂ ਨੂੰ ਆਪਣੇ ਰੋਜਾਨਾ ਜੀਵਨ ਵਿਚ ਪਾਣੀ ਵਿਚ ਤੈਰਨ, ਡੁੱਬਣ ਅਤੇ ਇਸਦੇ ਮਿਸ਼੍ਰਣ ਤਿਆਰ ਕਰਣ ਵਰਗੇ ਅਨੁਭਵ ਮਿਲਣ ਲਗਦੇ ਹਨ। ਉਹਨਾਂ ਨੂੰ ਵਿਵਹਾਰਿਕ ਅਤੇ ਕ੍ਰਿਆਸ਼ੀਲ ਮੌਕੇ ਪ੍ਰਦਾਨ ਕਰਕੇ ਆਪਣੇ ਤਜਰਿਬਿਆਂ ਉਤੇ ਵਿਚਾਰ ਕਰਣ ਵਿਚ ਮੱਦਦ ਕਰੋ।

<u>ਗਤੀਵਿਧੀ–5</u>

**ਬੱਚਿਆਂ ਨੂੰ ਪਾਣੀ ਰੱਖਣ/ਲਿਜਾਉਣ ਦੀ ਵਰਤੋਂ ਕੀਤੇ ਜਾਣ ਵਾਲੇ ਵੱਖ-ਵੱਖ ਆਕ੍ਰਿਤੀਆਂ ਅਤੇ ਆਕਾਰਾਂ ਦੇ ਪਾਤਰਾਂ/ ਭਾਂਡਿਆਂ ਦੇ ਨਾਂ ਦੱਸਣ ਅਤੇ ਚਿੱਤਰ ਬਣਾਉਣ ਲਈ ਪ੍ਰੋਤਸਾਹਿਤ ਕਰੋ। ਫਿਰ ਉਹਨਾਂ ਦੇ ਇੱਕ ਦੂਜੇ ਦੇ ਚਿੱਤਰ ਦੇਖਣ ਅਤੇ ਇਹਨਾਂ ਵਿਸ਼ਿਆਂ ਉੱਪਰ ਚਰਚਾ ਕਰਣ ਦਾ ਮੌਕਾ ਪ੍ਰਦਾਨ ਕੀਤੇ ਜਾ ਸਕਦੇ ਹਨ।**

- ਪਾਤਰ/ਭਾਂਡੇ ਕਿਸਦੇ ਬਣੇ ਹੁੰਦੇ ਹਨ?
- ਉਸ ਵਿਚ ਨਿਹਿਤ ਪਾਣੀ ਦੀ ਵਰਤੋਂ ਕਿਸ ਕੰਮ ਲਈ ਕੀਤਾ ਜਾ ਸਕਦੀ ਹੈ?
- ਕੰਮ ਪੂਰਾ ਹੋਣ ਤੋਂ ਬਾਅਦ ਪਾਤਰ ਵਿਚ ਕਿੰਨ੍ਹੇ ਸਮੇਂ ਤਕ ਪਾਣੀ ਰਹਿ ਸਕਦਾ ਹੈ?
- ਉਸ ਵਿਚ ਕਿੰਨਾਂ ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ?
- ਜੇਕਰ ਪਾਣੀ ਇੱਕ ਸੌੜੇ ਅਤੇ ਚੌੜੇ ਪਾਤਰ/ਭਾਡੇਂ ਵਿਚ ਸਮਾਨ ਲੈਵਲ ਤੇ ਹਨ, ਤਾਂ ਕੀ ਇਸਦਾ ਮਤਲਬ ਉਹਨਾਂ ਵਿਚ ਪਾਣੀ ਦੀ ਮਾਤਰਾ ਇਕੋ ਜਿਹੀ ਹੈ?

<u>ਗਤੀਵਿਧੀ–6</u>

ਬੱਚੇ, ਰੇਤ, ਚੀਨੀ, ਚਾਕ, ਹਲਦੀ ਪਾਊਡਰ ਵਰਗੇ ਪਦਾਰਥਾਂ ਨੂੰ ਇਕੱਠਾ ਕਰ ਸਕਦੇ ਹਨ ਅਤੇ ਇਹਨਾਂ ਪਦਾਰਥਾਂ ਨੂੰ ਪਾਣੀ ਵਿਚ ਘੋਲਣ ਦੀ ਕੋਸ਼ਿਸ਼ ਕਰ ਸਕਦੇ ਹਨ।ਉਹਨਾਂ ਨੂੰ ਕੁਝ ਸਮੇਂ ਲਈ ਉਹਨਾਂ ਮਿਸ਼੍ਰਣਾਂ ਨੂੰ ਹਿਲਾਉਣ ਲਈ ਕਹੋ ਅਤੇ ਵੇਖੋ ਕੀ ਹੁੰਦਾ ਹੈ ਅਤੇ ਉਹਨਾਂ ਦੀਆਂ ਟਿੱਪਣੀਆਂ ਨੂੰ ਦਰਜ ਕਰੋ। ਉਹ ਕੁਝ ਤਰਲ ਪਦਾਰਥ ਵਿਚ ਇੱਕਠਾ ਕਰ ਸਕਦੇ ਹੋ ਅਤੇ ਜਾਂਚ ਕਰ ਸਕਦੇ ਹੋ ਕਿ ਉਹ ਪਾਣੀ ਦੇ ਨਾਲ ਮਿਸ਼੍ਰਿਤ ਹੁੰਦੇ ਹਨ ਜਾਂ ਨਹੀਂ, ਉਦਾਹਰਣ ਦੇ ਲਈ ਸਿਆਹੀ, ਦੁੱਧ, ਸ਼ਹਿਦ, ਤੇਲ ਆਦਿ।

<u>ਗਤੀਵਿਧੀ–7</u>

ਬੱਚਿਆਂ ਨੂੰ ਲਕੜੀ ਦੀ ਪੈਂਸਿਲ, ਧਾਤੂ ਦੀ ਕਲਮ, ਫੁਲਾਇਆ ਜਾਂ ਹਵਾ ਕੱਢਿਆ ਹੋਇਆ ਗੁਬਾਰਾ, ਇੱਟ ਦਾ ਟੁੱਕੜਾ, ਸਟੀਲ ਦਾ ਚਮਚਾ, ਪਲਾਸਟਿਕ ਦਾ ਚਮਚਾ, ਆਇਸਕ੍ਰੀਮ ਕੂਪ, ਸੂਈ, ਮੋਮਬੱਤੀ, ਮੱਖਣ, ਤੇਲ, ਗੱਤਾ, ਮਾਚਿਸ, ਰਬੜ, ਸਟੀਲ ਦੀ ਪਲੇਟ, ਪੱਤੀ, ਪੱਥਰ, ਭਾਣੀ ਦੀ ਖਾਲੀ ਕੀਤੀ ਬੋਤਲ, ਪਾਣੀ ਦੀ ਭਰੀ ਬੋਤਲ, ਵਰਗੀਆਂ ਅਲਗ-ਅਲਗ ਵਸਤੂਆਂ ਨੂੰ ਇੱਕਠਾ ਕਰਣ ਦਿਓ। ਹੁਣ ਉਹਨਾਂ ਨੂੰ ਇਹ ਅਨੁਮਾਨ ਲਗਾਉਣ ਲਈ ਪ੍ਰੋਤਸਾਹਿਤ ਕਰੋ ਕਿ ਇਹਨਾਂ ਵਿਚ ਕਿਹੜੀ ਵਸਤੂ ਪਾਣੀ ਵਿਚ ਡੁੱਬੇਗੀ/ਤੈਰੇਗੀ। ਬੱਚੇ ਇੱਕ-ਇੱਕ ਕਰਕੇ ਵੱਖ-ਵੱਖ ਵਸਤੂਆਂ ਨੂੰ ਪਾਣੀ

ਦੀ ਬਾਲਟੀ ਵਿਚ ਪਾਕੇ ਇਹ ਵਿਸਥਾਪਿਤ ਕਰ ਸਕਦੇ ਹਨ ਅਤੇ ਇੱਕ ਸਾਰਣੀਬੱਧ ਰੂਪ ਵਿਚ ਆਪਣੀ ਟਿੱਪਣੀਆਂ ਨੂੰ ਦਰਜ ਕਰ ਸਕਦੇ ਹਨ।

**ਸਾਰਣੀ**

| ਵਸਤੂ | ਤੈਰਣ ਲਈ | ਡੁੱਬਣ ਲਈ |
|---|---|---|
| | | |
| | | |

**ਹੁਣ ਚਰਚਾ ਕਰੋ---**

- ਕਿਹੜੀਆਂ ਵਸਤੂਆਂ ਪਾਣੀ ਵਿਚ ਤੈਰਦੀਆਂ ਹਨ?
- ਕਿਹੜੀਆਂ ਪਾਣੀ ਵਿਚ ਡੁੱਬ ਜਾਂਦੀਆਂ ਹਨ?

  ਆਪਣੇ ਸ਼ਬਦਾਂ ਵਿਚ ਬੱਚਿਆਂ ਨੂੰ ਇਸ ਗੱਲ ਉੱਤੇ ਚਰਚਾ ਕਰਣ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ ਕਿ ਕਿਉਂ ਕੁਝ ਵਸਤੂਆਂ ਪਾਣੀ ਵਿਚ ਤੈਰਦੀਆਂ ਹਨ ਜਦੋਂ ਕਿ ਕੁਝ ਡੁੱਬਦੀਆਂ ਹਨ। ਉਹਨਾਂ ਨੂੰ ਇਹ ਵੇਖਣ ਲਈ ਵੀ ਪ੍ਰੇਰਿਤ ਕਰੋ ਕਿ ਕੀ ਇੱਕ ਹੀ ਪਦਾਰਥ ਤੋਂ ਬਣੀ ਹੈ। ਫਿਰ ਵੀ ਵੱਖ-ਵੱਖ ਆਕ੍ਰਿਤੀਆਂ ਦੀਆਂ ਵਸਤੂਆਂ ਤੈਰਨ ਅਤੇ ਡੁੱਬਣ ਦੇ ਸਬੰਧ ਵਿਚ ਵੱਖ-ਵੱਖ ਵਿਵਹਾਰ ਪ੍ਰਦਸ਼ਿਤ ਕਰਦੀਆਂ ਹਨ।

**ਕਿਰਿਆ-8**

ਪਾਣੀ ਦੀ ਬਾਲਟੀ ਵਿੱਚ ਰਬੜ ਦੀ ਗੇਂਦ ਨੂੰ ਤੈਰਨ ਲਈ ਸੁੱਟੋ। ਬੱਚਿਆਂ ਨੂੰ ਇਸ ਗੇਂਦ ਨੂੰ ਡੁਬਾਉਣ ਦੇ ਵੱਖ ਵੱਖ ਤਰੀਕਿਆਂ ਬਾਰੇ ਸੋਚਣ ਲਈ ਪ੍ਰੋਤਸਾਹਿਤ ਕਰੋ। ਕੀ ਇਹ ਤਰੀਕੇ ਕੰਮ ਆਏ? ਬੱਚਿਆਂ ਨੂੰ ਅਜਿਹੀਆਂ ਹੋਰ ਪ੍ਰਸਥੀਤਿਆਂ ਦਿਓ ਜਿਸ ਵਿੱਚ ਕਿਸੇ ਤੈਰਦੀ ਹੋਈ ਵਸਤੂ ਨੂੰ ਤੈਰਨ ਲਈ ਯਤਨ ਕੀਤੇ ਜਾਣ ਅਤੇ ਕਲਾਸ ਵਿੱਚ ਇਹਨਾਂ ਦੇ ਸਿੱਟਿਆ ਨੂੰ ਸਾਂਝਾ ਕਰੋ।

ਬੱਚਿਆਂ ਨੂੰ ਪ੍ਰਾਪਤ ਸਿੱਟਿਆ ਦੇ ਅਧਾਰ ਤੇ ਚਿੱਤਰ ਬਣਾਉਣ ਲਈ ਕਿਹਾ ਜਾ ਸਕਦਾ ਹੈ। ਇਸ ਨਾਲ ਬੱਚਿਆਂ ਨੂੰ ਉਹਨਾਂ ਚੀਜਾਂ ਨੂੰ ਬਾਰੀਕੀ ਨਾਲ ਦੇਖਣ ਵਿੱਚ ਮੱਦਦ ਮਿਲੇਗੀ ਜੋ ਕਿਸੇ ਵੀ ਰੂਪ ਵਿੱਚ ਇੱਕ ਦੂਜੇ ਤੋਂ ਭਿੰਨ ਹਨ।

**ਕਿਰਿਆ -9**

ਬੱਚੇ ਰਸੋਈ ਦੇ ਸਾਧਾਰਨ ਬਰਤਨ ਵਿੱਚ ਥੋੜਾ ਪਾਣੀ ਲੈ ਸਕਦੇ ਹਨ ਅਤੇ ਉਸ ਵਿੱਚ ਇੱਕ ਅੰਡਾ ਪਾ ਕੇ ਨਿਰੀਖਣ ਕਰ ਸਕਦੇ ਹਨ ਕਿ ਇਹ ਡੁੱਬਦਾ ਹੈ ਜਾਂ ਤੈਰਦਾ ਹੈ। ਉਹਨਾਂ ਨੂੰ ਪਾਣੀ ਵਿੱਚ ਥੋੜੀ ਚੀਨੀ ਪਾਉਣ ਲਈ ਕਹੋ ਅਤੇ ਫਿਰ ਨਿਰੀਖਣ ਕਰਨ ਲਈ ਕਹੋ।ਉਹ ਇਸ ਵਿੱਚ ਚੀਨੀ ਮਿਲਾਉਂਦੇ ਜਾਣ । ਇੱਕ (ਗਿਲਾਸ ਪਾਣੀ ਵਿੱਚ ਲਗਭਗ 12 ਚਮਚੇ) ਕੀ ਹੁੰਦਾ ਹੈ ? ਇਹਨਾਂ ਨੂੰ ਇਹ ਗਤੀਵਿਧੀ ਨਮਕ ਨਾਲ ਦਰਸਾਉਣ ਲਈ ਕਹੋ ਅਤੇ ਇਹ ਦੇਖੋ ਕਿ ਕੀ ਹੁੰਦਾ ਹੈ?

**ਧਿਆਨਯੋਗ :-** ਹਰੇਕ ਬੱਚੇ ਨੂੰ ਕਿਰਿਆ ਕਰਨ ਨਿਰੀਖਣ ਕਰਨ, ਟਿੱਪਣੀ ਦਰਜ ਕਰਨ ਅਤੇ ਟਿੱਪਣੀ ਦਾ ਅਰਥ ਦੱਸਣ ਦੀ ਆਗਿਆ ਦੇਣ। ਬੱਚੇ ਦੇ ਆਪਣੀ ਭਾਸ਼ਾ ਵਿੱਚ ਦਿੱਤੇ ਉੱਤਰ ਸਵੀਕਾਰ ਕਰੋ। ਉਦਾਹਰਣ ਦੇ ਤੌਰ ਤੇ ਪਾਣੀ ਭਾਰਾ ਜਾਂ ਗਾੜਾ ਹੈ ਆਰੰਭਿਕ ਪੱਧਰ ਤੇ ਘਣਤਵ, ਚਿਪਚਹਾਟ ਆਦਿ ਸ਼ਬਦਾਂ ਦੀ ਪਰਿਭਾਸ਼ਾ ਜਾਨਣ ਦੀ ਉਮੀਦ ਬੱਚਿਆਂ ਤੋਂ ਨਹੀਂ ਕੀਤੀ ਜਾ ਸਕਦੀ। ਵਿਗਿਆਨ ਦਾ ਅਰਥ ਤੱਥਾਂ ਅਤੇ ਸਿਧਾਤਾਂ ਨੂੰ ਯਾਦ ਕਰਨਾ ਨਹੀਂ ਬਲਕਿ ਅਜਿਹੀ ਪ੍ਰਕਿਰਿਆ ਜਿਸ ਰਾਹੀਂ ਬੱਚੇ ਪਰਿਕਲਪਨਾ ਅਤੇ ਕਿਰਿਆ ਕਰਨਾ ਸਿੱਖਦੇ ਹਨ।

**ਆਓ ਵਿਚਾਰ ਕਰੀਏ :-**

- ਕਿਰਿਆ 5 ਤੋਂ 9 ਤੱਕ ਕਿਹੜੀਆਂ ਧਾਰਨਾਵਾਂ ਤੇ ਕੰਮ ਕੀਤਾ ਗਿਆ ਹੈ?
- ਇਹਨਾਂ ਕਿਰਿਆ ਰਾਹੀਂ ਕਿਸ ਨੂੰ ਵਧਾਇਆ ਜਾ ਸਕਦਾ ਹੈ?
- ਅਧਿਆਪਕ ਬੱਚਿਆਂ ਦਾ ਅਧਿਐਨ ਕਿਵੇਂ ਕਰਦਾ ਹੈ?
- ਤੁਸੀਂ ਉਪਰੋਕਤ ਦੇ ਮਾਧਿਅਮ ਰਾਹੀਂ ਅਧਿਗਮ/ਸਿੱਖਣ ਦੇ ਰੂਪ ਵਿੱਚ ਅਧਿਐਨ ਉੱਤੇ ਕਿਸ ਤਰ੍ਹਾਂ ਜੋਰ ਦੇ ਸਕਦੇ ਹਾਂ?

**ਸੰਕੇਤ** – ਅਧਿਗਮ ਦੇ ਰੂਪ ਵਿੱਚ ਅਧਿਐਨ ਕਰਨ ਅਤੇ ਸਹਿਪਾਠੀ ਅਧਿਐਨ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ।

- ਤੁਹਾਨੂੰ ਇਹਨਾਂ ਕਿਰਿਆਵਾਂ ਦੇ ਰਾਹੀਂ ਕਿਹੜੇ-ਕਿਹੜੇ ਪ੍ਰਤੀਫਲ ਪ੍ਰਾਪਤ ਹੋ ਸਕਦੇ ਹਨ? ਉਹਨਾਂ ਨੂੰ ਸੂਚੀਬੱਧ ਕਰੋ।
- ਆਰੰਭਿਕ ਪੱਧਰ ਤੇ ਕਿੰਨ੍ਹਾਂ ਹੋਰ ਅਵਧਾਰਨਾਵਾਂ ਤੇ ਕੰਮ ਕੀਤਾ ਜਾ ਸਕਦਾ ਹੈ? ਉਹਨਾਂ ਦੇ ਅਧਾਰ ਤੇ ਕੁੱਝ ਹੋਰ ਕਿਰਿਆ ਤਿਆਰ ਕਰੋ।

**ਜਲ – ਸੰਸਕ੍ਰਿਤਿਕ ਪਹਿਲੂ**

ਵੱਖ-ਵੱਖ ਖੇਤਰਾਂ, ਰੀਤੀ ਰਿਵਾਜਾਂ ਵਿੱਚ ਜਲ ਸੋਮਿਆਂ, ਨਦੀਆਂ ਅਤੇ ਪਾਣੀ ਦੀ ਭੂਮਿਕਾ ਨੂੰ ਪੁਨਰਜੀਵਿਤ ਕਰਨਾ ਸਾਡੀ ਸੰਸਕ੍ਰਿਤੀ ਦਾ ਅਭਿੰਨ ਅੰਗ ਰਿਹਾ ਹੈ। ਇਹ ਬੱਚਿਆਂ ਨੂੰ ਸਮਾਜਿਕ ਸੰਸਕ੍ਰਿਤੀ ਦੁਨੀਆਂ ਨੂੰ ਪ੍ਰਕਿਤੀ ਨਾਲ ਜੋੜਨ ਅਤੇ ਪ੍ਰਾਕਿਤਿਕ ਸੰਸਾਧਨਾਂ ਦੀ ਸੁਰੱਖਿਆ ਲਈ ਉਹਨਾਂ ਨੂੰ ਸੰਵੇਦਨਸ਼ੀਲ ਬਣਾਉਣ ਦੇ ਮੌਕੇ ਪ੍ਰਦਾਨ ਕਰਦੇ ਹਨ।

**ਕਿਰਿਆ -10**

ਬੱਚਿਆਂ ਨੂੰ ਕਲਾਸ ਵਿੱਚ ਪਾਣੀ ਨਾਲ ਸੰਬੰਧਤ ਕੋਈ ਵੀ ਲੋਕ ਗੀਤ ਸੁਣਾਉਣ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਉਹਨਾਂ ਨੂੰ ਪੁੱਛਿਆ ਜਾ ਸਕਦਾ ਹੈ।

- ਤੁਸੀਂ ਇਹ ਗੀਤ ਕਿੱਥੋਂ ਸਿੱਖਿਆ?
- ਲੋਕ ਇਸ ਨੂੰ ਕਿਹੜੇ ਮੌਕੇ ਗਾਉਂਦੇ ਹਨ?

- ਕੁੱਝ ਤਿਉਹਾਰਾਂ ਦੇ ਨਾਮ ਦੱਸੋ ਜਿੱਥੇ ਪਾਣੀ ਦਾ ਸੰਸਕ੍ਰਿਤਿਕ ਮਹੱਤਵ ਹੈ?
- ਤੁਹਾਡੇ ਖੇਤਰ ਦੇ ਕਿਸ ਤਿਉਹਾਰ ਵਿੱਚ ਪਾਣੀ ਮੱਹਤਵਪੂਰਨ ਭੂਮਿਕਾ ਨਿਭਾਉਂਦਾ ਹੈ?
- ਪਾਣੀ ਉਸ ਖਾਸ ਤਿਉਹਾਰ ਨੂੰ ਮਨਾਉਣ ਵਿੱਚ ਕਿਸ ਤਰ੍ਹਾਂ ਸਹਾਇਕ ਹੈ?
- ਤਿਉਹਾਰਾਂ ਤੋਂ ਬਿਨਾਂ ਅਜਿਹੇ ਅਵਸਰ ਜਿੱਥੇ ਪਾਣੀ ਦੀ ਪੂਜਾ ਕੀਤੀ ਜਾਂਦੀ ਹੈ?
- ਕਿ ਲੋਕ ਅਜਿਹੇ ਅਵਸਰਾਂ ਤੇ ਪਾਣੀ ਨਾਲ ਸਬੰਧਤ ਗੀਤ ਗਾਉਂਦੇ ਹਨ?
- ਕਿ ਪਾਣੀ ਨਾਲ ਸਬੰਧਤ ਕੋਈ ਵਿਸ਼ੇਸ ਨਾਚ ਹੈ (ਨਾਮ ਦਸੋ)
- ਕਿ ਲੋਕ ਪਾਣੀ ਵਿੱਚ ਮੂਰਤੀ ਜਾਂ ਪ੍ਰਸ਼ਾਦ ਵਿਸਰਜਿਤ ਕਰਦੇ ਹਨ?
- ਕੁਝ ਹੋਰ ਚੀਜਾਂ ਦੇ ਨਾਮ ਦੱਸੋਂ ਜਿਨ੍ਹਾਂ ਨੂੰ ਲੋਕ ਪਾਣੀ ਵਿੱਚ ਸੁੱਟਦੇ ਕਿ ਲੋਕ ਪਾਣੀ ਵਿੱਚ ਡੁੱਬਕੀ ਵੀ ਲਗਾਉਂਦੇ ਹਨ?

**ਆਓ ਵਿਚਾਰ ਕਰੀਏ**

ਈ.ਵੀ.ਐਸ ਉਹਨਾਂ ਅਨੁਭਵਾਂ ਨੂੰ ਪ੍ਰਦਾਨ ਕਰਨ ਤੇ ਜ਼ੋਰ ਦਿੰਦਾ ਹੈ ਜੋ ਬੱਚਿਆਂ ਦੇ ਸੰਪੂਰਨ ਵਿੱਚ ਸਹਾਇਤਾ ਕਰਦੇ ਹਨ ਕਿ ਤੁਹਾਨੂੰ ਲੱਗਦਾ ਹੈ ਕਿ ਉਪਰੋਕਤ ਕਿਰਿਆ ਇਸ ਦਿਸ਼ਾ ਵਿੱਚ ਮੱਦਦ ਕਰਦੀ ਹੈ?

**ਜਲ ਸਰੰਖਿਅਣ– ਇੱਕ ਵਾਤਾਵਰਣ ਚਿੰਤਾ**

ਪਾਣੀ ਸਾਡੇ ਜੀਵਨ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਸਾਡੇ ਜੀਵਨ ਨਿਰਭਰ ਅਤੇ ਰੋਜ਼ਾਨਾ ਦੇ ਕੰਮ ਕਾਜ ਲਈ ਜ਼ਰੂਰੀ ਹੈ। ਇੱਕ ਦੁੱਰਲਭ ਅਤੇ ਮੁੱਲਵਾਨ ਸੰਸਾਧਨ ਹੋਣ ਕਰਕੇ ਬੱਚਿਆਂ ਨੂੰ ਨਾ ਕੇਵਲ ਇਸ ਪ੍ਰਤੀ ਸੰਵੇਦਨਸ਼ੀਲ ਬਣਾਉਣ ਦੀ ਜ਼ਰੂਰਤ ਹੈ, ਬਲਕਿ ਇਸ ਦੇ ਸਰੰਖਿਅਣ/ਸੰਭਾਲ ਲਈ ਕੁਸ਼ਲ ਦ੍ਰਿਸ਼ਟੀਕੋਣ ਅਤੇ ਸੋਚ ਪੈਦਾ ਕਰਨ ਦੀ ਜ਼ਰੂਰਤ ਹੈ। ਸਿਰਫ਼ ਉਹਨਾਂ ਨੂੰ ਉਪਦੇਸ਼ ਦੇਣ ਨਾਲ ਪਾਣੀ ਸਰੰਖਿਅਣ ਵਿੱਚ ਮੱਦਦ ਨਹੀਂ ਮਿਲੇਗੀ । ਇਸ ਲਈ ਤੁਹਾਨੂੰ ਉਹਨਾਂ ਨੂੰ ਅਜਿਹੀਆਂ ਵਾਸਤਵਿਕ ਸਥਿਤੀਆਂ ਬਾਰੇ ਜਾਣੂ ਕਰਵਾਉਣਾ ਪਵੇਗਾ ਜਿਸ ਨਾਲ ਪਾਣੀ ਸਰੰਖਿਅਣ ਦੀ ਲੋੜ ਮਹਿਸੂਸ ਕਰਨ।

**ਕਿਰਿਆ–11**

ਤੁਸੀਂ ਪਾਣੀ ਦੀ ਕਮੀ ਸਬੰਧੀ ਅਖਬਾਰ ਦੀਆਂ ਖਬਰਾਂ, ਚਿੱਤਰ ਜਾਂ ਵੀਡਿਓ ਦਿਖਾ ਸਕਦੇ ਹੋ।

**ਮੁਰੰਮਤ ਸਬੰਧੀ ਕਾਰਨਾਂ ਕਰਕੇ ਪੂਰੀ ਦਿੱਲੀ ਵਿੱਚ ਸਪਲਾਈ ਪ੍ਰਭਾਵਿਤ**

ਨਵੀਂ ਦਿੱਲੀ : ਦਿੱਲੀ ਜਲ ਬੋਰਡ ਨੇ ਕਿਹਾ ਹੈ ਕਿ ਪਾਣੀ ਦੀ ਪਾਇਪਲਾਇਨਾਂ ਨੂੰ ਜੋੜਨ ਦੀ ਪ੍ਰਕਿਰਿਆ ਦੇ ਕਾਰਣ ਐਨ.ਡੀ.ਐਮ.ਸੀ. ਖੇਤਰਾਂ ਤਹਿਤ ਸ਼ਹਿਰ ਦੇ ਪ੍ਰਮੁੱਖ ਹਿੱਸਿਆ ਵਿੱਚ ਪਾਣੀ ਦੀ ਸਪਲਾਈ ਪ੍ਰਭਾਵਿਤ ਹੋਵੇਗੀ।

ਡੀ.ਜੇ.ਬੀ. ਨੇ ਦੱਸਿਆ ਹੈ ਕਿ ਜਿਹਨਾਂ ਖੇਤਰਾਂ ਵਿੱਚ ਪਾਣੀ ਉਪਲੱਬਧ ਨਹੀਂ ਹੋਵੇਗਾ ਜਾਂ ਘਟ ਦਬਾਅ ਵਿੱਚ ਉਪਲੱਬਧ ਹੋਵੇਗਾ ਉਹਨਾਂ ਵਿੱਚ ਸਿਵਲ ਲਾਇਨਜ਼, ਹਿੰਦੂ ਰਾਓ ਹਸਤਪਤਾਲ, ਕਮਲਾ ਨਗਰ, ਸ਼ਕਤੀ ਨਗਰ ਅਤੇ ਕਰੋਲ ਬਾਗ ਸ਼ਾਮਿਲ ਹਨ। ਚੰਦਰਾ ਵਲ ਵਾਟਰ ਵਰਕਸ ਦੇ ਪੂਰੀ ਤਰ੍ਹਾਂ ਬੰਦ ਹੋਣ ਕਾਰਨ ਇਹ ਸਥਿਤੀ ਪੈਦਾ ਹੋਈ ਹੈ।

ਉਹਨਾਂ ਨਾਲ ਪਾਣੀ ਸਪਲਾਈ ਨਾ ਹੋਣ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਬਾਰੇ ਚਰਚਾ ਕਰੋ ਅਤੇ ਫਿਰ ਕੁੱਝ ਪ੍ਰਸ਼ਨ ਪੁੱਛੋ ਜਿਵੇ:-

- ਕਿ ਉਹਨਾਂ ਨੇ ਕਦੇ ਪਾਣੀ ਦੀ ਕਮੀ ਦਾ ਸਾਹਮਣਾ ਕੀਤਾ ਹੈ?
- ਕਦੋਂ? ਉਸ ਸਮੇਂ ਤੁਸੀਂ ਕਿਵੇਂ ਪ੍ਰਬੰਧ ਕੀਤਾ?
- ਜੇਕਰ ਉਹਨਾਂ ਦੇ ਪਰਿਵਾਰਾਂ ਨੂੰ ਇੱਕ ਦਿਨ ਵਿੱਚ ਕੇਵਲ ਦੋ ਬਾਲਟੀ ਪਾਣੀ ਮਿਲਦਾ ਹੈ ਤਾਂ ਉਹਨਾਂ ਕੰਮਾਂ ਨੂੰ ਸੂਚੀਬੱਧ ਕਰੋ ਜੋ ਤੁਸੀਂ ਪਹਿਲਾਂ ਕਰਦੇ।
- ਅਜਿਹੀਆਂ ਹੋਰ ਸਥਿਤੀਆਂ ਨੂੰ ਉਤਪੰਨ ਕੀਤਾ ਜਾ ਸਕਦਾ ਹੈ ਜੋ ਬੱਚਿਆਂ ਨੂੰ ਗੰਭੀਰ ਰੂਪ ਵਿੱਚ ਸੋਚਣ, ਚਿੰਤਨ ਕਰਨ ਅਤੇ ਪਾਣੀ ਦੇ ਮੱਹਤਵ ਨੂੰ ਸਮੱਝਣ ਅਤੇ ਪਾਣੀ ਦੀ ਬਰਬਾਦੀ ਰੋਕਣ ਲਈ ਤਿਆਰ ਕਰਨ।

## ਕਿਰਿਆ -12

ਬੱਚੇ ਆਪਣੇ ਸਕੂਲ, ਆਸ-ਪਾਸ ਸਰਵੇਖਣ ਕਰ ਸਕਦੇ ਹਨ ਤਾਂ ਕਿ ਪਤਾ ਲਗਾਇਆ ਜਾਵੇ ਕਿ ਪਾਣੀ ਦੀ ਬਰਬਾਦੀ ਜ਼ਿਆਦਾ ਪ੍ਰਯੋਗ ਹੋ ਰਿਹਾ ਹੈ ਜਾਂ ਨਹੀਂ। ਅਧਿਆਪਕ ਉਹਨਾਂ ਨੂੰ ਆਪਣੀਆਂ ਟਿੱਪਣੀਆਂ ਦਰਜ਼ ਕਰਨ ਲਈ ਹੇਠ ਦਿੱਤੀ ਸੂਚੀ ਪ੍ਰਦਾਨ ਕਰ ਸਕਦਾ ਹੈ।

**ਸੂਚੀ**

| ਲੜੀ ਨੰ | ਪਾਣੀ ਬਰਬਾਦੀ ਦਾ ਸਰੋਤ | ਸਕੂਲ | ਘਰ | ਆਸ-ਪਾਸ ਦਾ ਖੇਤਰ |
|---|---|---|---|---|
| 1 | ਨਲ ਤੋਂ ਰਿਸਾਵ | | | |
| 2 | ਪਾਇਪ ਤੋਂ ਰਿਸਾਵ | | | |
| 3 | ਟੈਕੀ ਤੋਂ ਪਾਣੀ ਦਾ ਵਹਾਓ | | | |
| 4 | ਹੋਰ ਕੋਈ | | | |

ਸਬੰਧਤ ਲੋਕਾਂ ਤੋਂ ਪੁੱਛ-ਗਿੱਛ ਕਰਕੇ ਬੱਚਿਆਂ ਨੂੰ ਪਾਣੀ ਦੇ ਰਿਸਾਵ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਉਹ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਦਰਜ ਕਰਕੇ ਆਪਣੇ ਸਿੱਟੇ ਕੱਢ ਸਕਦੇ ਹਨ। ਸਰਵੇਖਣ ਦੇ ਸਿੱਟਿਆਂ ਤੇ ਸਮੂਹ ਜਮਾਤ ਨਾਲ ਚਰਚਾ ਕੀਤੀ ਜਾ ਸਕਦੀ ਹੈ। ਜਿਸ ਵਿੱਚ ਅਧਿਆਪਕ ਮਾਨਦੰਡ ਦੇ ਅਧਾਰ ਤੇ ਉਹਨਾਂ ਦਾ ਆਕਲਨ ਕਰ ਸਕਦੇ ਹਨ।

| ਮਾਪਦੰਡ | ਦਰਜਾ 1 | ਦਰਜਾ 2 | ਦਰਜਾ 3 |
|---|---|---|---|
| ਪ੍ਰਸ਼ਨ ਤਿਆਰ ਕਰਨਾ | ਅਧਿਆਪਕ ਨੇ ਸਮੂਹ ਲਈ ਸਾਰੇ ਪ੍ਰਸ਼ਨ ਤਿਆਰ ਕੀਤੇ | ਅਧਿਆਪਕਾਂ ਦੀ ਸਹਾਇਤਾ ਨਾਲ ਪ੍ਰਸ਼ਨ ਤਿਆਰ ਕੀਤੇ | ਸਮੂਹ ਵਿੱਚ ਮਾਪਿਆਂ ਦੇ ਸਹਿਯੋਗ ਨਾਲ ਪ੍ਰਸ਼ਨ ਤਿਆਰ ਕੀਤੇ। |

| | | | |
|---|---|---|---|
| ਜਵਾਬ ਇੱਕਠੇ ਕਰਨਾ | ਬਿਨਾਂ ਜਾਂਚ ਕੀਤੇ ਪੁੱਛੇ ਸਵਾਲ | ਜਾਂਚ ਦੇ ਯਤਨ ਨਾਲ ਪੁੱਛੇ ਸਵਾਲ | ਡੂੰਘਾਈ ਨਾਲ ਜਾਂਚ ਕੀਤੀ ਅਤੇ ਗੱਲਬਾਤ ਦੌਰਾਨ ਨਵੇਂ ਸਵਾਲ ਜੁੜੇ |
| ਜਾਣਕਾਰੀ ਦਰਜ ਕਰਨਾ ਅਤੇ ਸਾਰਣੀ ਬਣਾਉਣਾ | ਪ੍ਰਤੀਕਿਰਿਆਵਾਂ ਵਿਵਸਥਿਤ ਨਹੀਂ ਸਨ ਅਤੇ ਮੌਖਿਕ ਰੂਪ ਵਿੱਚ ਕੁੱਝ ਜਾਣਕਾਰੀ ਸਾਂਝੀ ਕੀਤੀ ਗਈ | ਪੂਰਨ ਰੂਪ ਵਿੱਚ ਜਾਣਕਾਰੀ ਦਰਜ ਕੀਤੀ ਗਈ ਅਤੇ ਲਿਖਤ ਰਿਪੋਰਟ ਪੇਸ਼ ਕੀਤੀ | ਪੂਰਨ ਰੂਪ ਵਿੱਚ ਜਾਣਕਾਰੀ ਦਰਜ ਕੀਤੀ ਅਤੇ ਲਿਖਤ ਅਤੇ ਮੌਖਿਕ ਰੂਪ ਵਿੱਚ ਰਿਪੋਰਟ ਪੇਸ਼ ਕੀਤੀ |
| ਸਿੱਟਾ ਕੱਢਣਾ | ਬਿਨਾਂ ਕਿਸੇ ਸੁਝਾਅ ਦੇ ਜਾਣਕਾਰੀ ਦਿੱਤੀ ਗਈ | ਸਹੀ ਅਰਥ ਕੱਢਿਆ ਗਿਆ ਅਤੇ ਕੁੱਝ ਸੁਝਾਅ ਦਿੱਤੇ ਗਏ | ਅਰਥ ਸਮਝਿਆ ਗਿਆ ਅਤੇ ਵਿਵਹਾਰਿਕ ਰੂਪ ਵਿੱਚ ਸਹੀ ਸੁਝਾਅ ਦਿੱਤੇ ਗਏ |
| ਸਹਿਯੋਗ ਕਰਨਾ | ਕੁੱਝ ਮੈਂਬਰਾਂ ਨੇ ਸਹਿਯੋਗ ਕੀਤਾ ਅਤੇ ਬਾਕੀ ਲੋਕ ਬਿਲਕੁੱਲ ਸ਼ਾਮਿਲ ਨਹੀਂ ਹੋਏ। | ਕੁੱਝ ਮੈਂਬਰਾਂ ਨੇ ਸਹਿਯੋਗ ਕੀਤਾ ਅਤੇ ਬਾਕੀ ਲੋਕ ਜਾਗਰੂਕ ਸਨ | ਸਾਰੇ ਮੈਂਬਰਾਂ ਨੇ ਸਮਾਨ ਰੂਪ ਵਿੱਚ ਸਹਿਯੋਗ ਕੀਤਾ। |

## **ਕਿਰਿਆ–13**

ਪਾਣੀ ਦੀ ਕਮੀ ਦੀ ਸਮੱਸਿਆ ਨਾਲ ਨਜਿੱਠਣ ਲਈ ਬੱਚਿਆਂ ਨੂੰ ਵਿਚਾਰ ਕਰਨ ਅਤੇ ਕੋਈ ਰਣਨੀਤੀ ਘੜਨ ਲਈ ਪ੍ਰੋਤਸਾਹਿਤ ਕੀਤਾ ਜਾਵੇ। ਅਧਿਆਪਕ ਨੂੰ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਦੀਆਂ ਪ੍ਰਤੀਕਿਰਿਆਵਾਂ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ । ਵਿਦਿਆਰਥੀਆਂ ਨੂੰ ਇਹ ਮਹਿਸੂਸ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਕਿ ਪਾਣੀ ਕਿੰਨ੍ਹਾਂ ਮਹੱਤਵਪੂਰਨ ਹੈ ਅਤੇ ਇਹ ਸਮਝਣਾ ਚਾਹੀਦਾ ਹੈ ਕਿ ਲੋਕ ਕਿਸ ਤਰ੍ਹਾਂ ਜਲ ਸੰਕਟ ਦੀ ਸਥਿਤੀ ਵਿੱਚ ਪ੍ਰਬੰਧ ਕਰਦੇ ਹਨ।

## **ਕਿਰਿਆ –14**

ਸਵਾਲ ਪੁੱਛਿਆ ਜਾਵੇ ਕਿ ਵਿਦਿਆਰਥੀ ਆਪਣੇ ਰੋਜ਼ਾਨਾ ਜੀਵਨ ਵਿੱਚ ਪਾਣੀ ਦੀ ਮੁੜ ਵਰਤੋਂ ਕਰਦੇ ਹਨ? ਅਤੇ ਬੱਚੇ ਕੁੱਝ ਅਜਿਹੀਆਂ ਕਿਰਿਆਵਾਂ ਨੂੰ ਸੂਚੀਬਧ ਕਰ ਸਕਦੇ ਹਨ । ਜਿਹਨਾਂ ਵਿੱਚ ਉਹ ਪਾਣੀ ਦੀ ਮੁੜ ਵਰਤੋਂ ਕਰ ਸਕਦੇ ਹਨ। ਉਦਾਹਰਣ ਦੇ ਤੌਰ ਤੇ ਸਬਜ਼ੀਆਂ, ਫਲਾਂ ਨੂੰ ਧੋਣ ਤੋਂ ਬਾਅਦ ਬਚੇ ਹੋਏ ਪਾਣੀ ਦੀ ਵਰਤੋਂ ਫਰਸ਼ ਸਾਫ਼ ਕਰਨ ਲਈ ਕੀਤੀ ਜਾ ਸਕਦੀ ਹੈ ।ਵੱਖ-ਵੱਖ ਪ੍ਰਤੀਕਿਰਿਆਵਾਂ ਨੂੰ ਬੋਰਡ ਤੇ ਲਿਖਿਆ ਜਾ ਸਕਦਾ ਹੈ ਜਾਂ ਚਾਰਟ ਪੇਪਰ ਉੱਤੇ ਚਿਪਕਾਇਆ ਜਾ ਸਕਦਾ ਹੈ।ਬੱਚੇ ਇਹਨਾਂ ਪ੍ਰਤੀਕਿਰਿਆਵਾਂ ਨੂੰ ਪੜ੍ਹ ਸਕਦੇ ਹਨ ਅਤੇ ਇਹਨਾਂ ਤੇ ਚਰਚਾ ਕਰ ਸਕਦੇ ਹਨ।ਬੱਚਿਆਂ ਦੀਆਂ ਕੁੱਝ ਪ੍ਰਤੀਕਿਰਿਆਵਾਂ ਉਹਨਾਂ ਦੇ ਗਿਆਨ ਨੂੰ ਮਜ਼ਬੂਤ ਕਰਨ ਲਈ ਲੈ ਸਕਦੇ ਹਨ। ਉਦਾਹਰਣ ਦੇ ਤੌਰ ਤੇ

- ਕਿ ਅਸੀਂ ਜਾਨਵਰਾਂ ਨੂੰ ਕਪੜੇ ਧੋਣ ਤੋਂ ਬਾਅਦ ਬਚਿਆ ਪਾਣੀ ਪਿਲਾ ਸਕਦੇ ਹਨ?
- ਜੇਕਰ ਨਹੀਂ ਤਾਂ ਕਿਉਂ?

- ਜੇਕਰ ਹਾਂ ਤਾਂ ਕਿਵੇਂ?
- ਕਿ ਅਸੀਂ ਕਪੜੇ ਧੋਣ ਤੋਂ ਬਾਅਦ ਉਹ ਪਾਣੀ ਪੀ ਸਕਦੇ ਹਾਂ?
  ਹੋਰ ਤੁਸੀਂ ਪੁੱਛ ਸਕਦੇ ਹੋ:
- ਕਿ ਇਸ ਵਿੱਚ ਪੌਦਿਆਂ ਦਾ ਨੁਕਸਾਨ ਹੋਵੇਗਾ ਕਿਵੇਂ?
- ਕਿ ਇਸ ਪਾਣੀ ਦੀ ਮੁੜ ਵਰਤੋਂ ਸੰਭਵ ਹੈ?
- ਕਿਵੇਂ ? ਸੁਝਾਅ ਦਿਓ।

**ਕੀ ਤੁਸੀਂ ਜਾਣਦੇ ਹੋ:-** ਜਲ ਸ਼ਕਤੀ ਅਭਿਆਨ ਇੱਕ ਸਮਾਂਬੱਧ ਮਿਸ਼ਨ-ਮੋਡ ਅਧਾਰਿਤ ਜਲ ਸੁਰੱਖਿਅਣ ਅਭਿਆਨ ਹੈ । ਇਹ ਅਭਿਆਨ 01 ਜੁਲਾਈ, 2019 ਤੋਂ 15 ਸਤੰਬਰ, 2019 ਤੱਕ ਮੀਂਹ ਦੇ ਮੌਸਮ ਵਿੱਚ ਨਾਗਰਿਕਾਂ ਦੇ ਸਹਿਯੋਗ ਨਾਲ ਚੱਲੇਗਾ। ਇਸ ਤੋਂ ਇਲਾਵਾ ਦੂਜਾ ਚਰਨ 01 ਅਕਤੂਬਰ, ਤੋਂ 30 ਨਵੰਬਰ, 2019 ਤੱਕ ਪੂਰਬ-ਉੱਤਰ ਦੇ ਪਿਛੇ ਹੱਟਦੇ ਮਾਨਸੂਨ ਪ੍ਰਾਪਤ ਇਲਾਕਿਆਂ ਵਿੱਚ ਚਲਾਇਆ ਜਾਵੇਗਾ। ਇਹ ਅਭਿਆਨ ਨਾਗਰਿਕਾਂ ਨੂੰ ਜਲ ਸਰੱਖਿਅਣ ਦੇ ਲਈ ਇੱਕਜੁੱਟ ਹੋ ਕੇ ਪਾਣੀ ਨੂੰ ਬਚਾਉਣ ਅਤੇ ਭਵਿੱਖ ਸੁਰੱਖਿਅਤ ਕਰਨ ਲਈ ਪ੍ਰੋਤਸਾਹਿਤ ਕਰਦਾ ਹੈ। ਇਹ ਜਲ ਸੁਰੱਖਿਅਣ ਅਤੇ ਜਲ ਸੰਸਾਧਨ ਪਰੰਪਰਾਗਤ ਜਲ ਸਰੋਤਾਂ ਦੇ ਨਵੀਨੀਕਰਨ, ਪੁਨਰਪ੍ਰਯੋਗ, ਬੋਰਵੈਲ ਤੋਂ ਦੁਬਾਰਾ ਭਰਨ ਵਾਲੀ ਸਰੰਚਨਾਵਾਂ ਤੇ ਜ਼ੋਰ ਦਿੰਦਾ ਹੈ। ਅਧਿਆਪਕਾਂ ਅਤੇ ਸਕੂਲਾਂ ਦੇ ਸਹਿਯੋਗ ਨਾਲ ਜਲ ਸ਼ਕਤੀ ਅਭਿਆਨ ਕਲਾਸ ਵਿੱਚ ਲਿਆਂਦਾ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਨਾ ਕੇਵਲ ਪਾਠ-ਪੁਸਤਕਾਂ ਦੇ ਮਾਧਿਅਮ ਰਾਹੀਂ ਬਲਕਿ ਜੀਵਨ ਦੀਆਂ ਅਸਲ ਪਰਸਥਿਤੀਆਂ ਰਾਹੀਂ ਵੀ ਜਲ ਸੁਰੰਖਿਅਣ, ਵਰਖਾ ਦੇ ਪਾਣੀ ਨੂੰ ਇਕੱਠਾ ਕਰਨਾ ਆਦਿ ਦੇ ਮਾਧਿਅਮ ਰਾਹੀਂ ਜਲ ਸਰੰਖਿਅਣ ਬਾਰੇ ਤਿਆਰ ਕਰ ਸਕਦੇ ਹਾਂ।

**ਕਿਰਿਆ-15**

ਅਧਿਆਪਕ ਵਿਦਿਆਰਥੀਆਂ ਨੂੰ ਜਲ ਸਰੰਖਿਅਣ ਦੀ ਲੋੜ ਅਤੇ ਮਹੱਤਵ ਨੂੰ ਉਦਾਹਰਣ ਸਹਿਤ ਦੱਸ ਸਕਦੇ ਹਾਂ। ਉਦਾਹਰਣ ਦੇ ਤੌਰ ਤੇ ਮੇਘਾਲਿਆ ਵਿੱਚ ਜਲ ਸੁਰੱਖਿਅਣ ਪ੍ਰਣਾਲੀ ਪ੍ਰਚਲਿਤ ਹੈ। ਇਸ ਪਾਣੀ ਦਾ ਪ੍ਰਯੋਗ ਕਿਸ ਕੰਮ ਲਈ ਕੀਤਾ ਜਾਂਦਾ ਹੈ? ਤੁਸੀਂ ਉਹਨਾਂ ਨੂੰ ਚਿੱਤਰ ਬਣਾਉਣ ਲਈ ਪ੍ਰੋਤਸਾਹਿਤ ਕਰ ਸਕਦੇ ਹੋ। ਉਹਨਾਂ ਨੂੰ ਆਪਣਾ ਅਨੁਭਵ ਸਾਂਝਾ ਕਰਨ ਦਿੱਤਾ ਜਾਵੇ।

**ਕਿਰਿਆ-16**

ਵਿਦਿਆਰਥੀ ਆਪਣੇ ਆਪ ਨੂੰ ਚਾਰ ਸਮੂਹਾਂ ਵਿੱਚ ਵੰਡ ਸਕਦੇ ਹਨ ਅਤੇ ਉਪਰ ਦਿੱਤੇ ਵਿਸ਼ਿਆਂ ਉੱਤੇ ਪਰਿਯੋਜਨਾ ਬਣਾਉਣ ਤੇ ਵਿਚਾਰ ਕਰ ਸਕਦੇ ਹਨ।

**ਪਾਣੀ ਦਾ ਪੁਨਰ ਪ੍ਰਯੋਗ**: ਘਰ/ਸਕੂਲ ਵਿੱਚ ਪਾਣੀ ਦਾ ਪੁਨਰਪ੍ਰਯੋਗ (ਮੁੜ-ਵਰਤੋਂ) ਕਰਨ ਦੇ ਵੱਖ-ਵੱਖ ਤਰੀਕੇ ਦੱਸੋ।

**ਪਾਣੀ ਦੀ ਸੰਭਾਲ:** ਪਤਾ ਕਰੋ ਕਿ ਆਸ ਪਾਸ ਵਿੱਚ ਵਰਖਾ ਦੇ ਪਾਣੀ ਦੀ ਸੰਭਾਲ ਕਿਵੇਂ ਕਰ ਸਕਦੇ ਹਾਂ।

**ਪਾਣੀ ਦਾ ਰਿਸਾਅ:-** ਰਿਸਾਅ ਦੇ ਰਾਹੀਂ ਪਾਣੀ ਦੇ ਨੁਕਸਾਨ ਦੀ ਮਾਤਰਾ ਦਾ ਅਨੁਮਾਨ ਦੱਸੋ।

**ਜਲ ਪ੍ਰਦੂਸ਼ਣ:** ਇਕ ਮਹੀਨੇ ਦੇ ਜਲ ਪ੍ਰਦੂਸ਼ਣ ਦੀਆਂ ਖ਼ਬਰਾਂ ਇਕੱਠੀਆਂ ਕਰੋ ਅਤੇ ਪ੍ਰਦੂਸ਼ਣ ਦੇ ਕਾਰਨਾਂ ਨੂੰ ਸੂਚੀਬੱਧ ਕਰੋ।

ਉਹਨਾਂ ਨੂੰ ਵੱਖ-ਵੱਖ ਸੰਸਾਧਨਾਂ ਦਾ ਲਾਭ ਉਠਾਉਣ, ਲਾਈਬ੍ਰੇਰੀ ਦਾ ਦੌਰਾ ਕਰਨ ਅਤੇ ਵੱਡੇ ਬਜ਼ੁਰਗਾਂ ਨਾਲ ਗੱਲਬਾਤ ਕਰਨ ਲਈ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ। ਇਹਨਾਂ ਗਤੀਵਿਧੀਆ ਰਾਹੀਂ ਵਿਦਿਆਰਥੀ ਪਰਿਵਾਰ ਅਤੇ ਬੱਚੇ ਪਾਣੀ ਦੀ ਬਰਬਾਦੀ ਨੂੰ ਘੱਟ ਕਰਨ, ਪਾਣੀ ਦੀ ਮੁੜ-ਵਰਤੋਂ ਦੇ ਵੱਖ-ਵੱਖ ਤਰੀਕਿਆਂ ਸੰਬੰਧੀ ਸੁਝਾਅ ਦੇ ਸਕਦੇ ਹਨ।

**ਧਿਆਨ ਦਿਉ:-** ਬੱਚਿਆਂ ਨੂੰ ਸੂਚੀ ਅਤੇ ਸਮੱਗਰੀ ਤਿਆਰ ਕਰਕੇ ਦਿੱਤੀ ਜਾਵੇ ਅਤੇ ਸਕੂਲ ਦੀ ਸਭਾ ਜਾਂ ਕਿਸੇ ਪ੍ਰੋਗਰਾਮ ਵਿੱਚ ਪੇਸ਼ ਕੀਤੀ ਜਾਵੇ।ਇਹਨਾਂ ਕਿਰਿਆਵਾਂ ਰਾਹੀਂ ਬੱਚੇ ਸਮੱਗਰੀ ਇਕੱਠੀ ਕਰਨ, ਅੰਕੜੇ ਦਰਜ਼ ਕਰਨ, ਸਿੱਟੇ ਕੱਢਣ, ਦੂਜਿਆਂ ਨਾਲ ਸਿੱਟੇ ਸਾਂਝੇ ਕਰਨਾ ਸਿੱਖਣਗੇ। ਜਦੋਂ ਬੱਚੇ ਆਪਣੇ ਆਸ-ਪਾਸ ਪਾਣੀ ਦੀ ਕਮੀ, ਪਾਣੀ ਦੀ ਸੰਭਾਲ ਆਦਿ ਬਾਰੇ ਵਿਸ਼ਲੇਸ਼ਣ ਕਰਦੇ ਹਨ ਤਾਂ ਉਹ ਸੰਬੰਧੀ ਆਪਣੇ ਸੁਝਾਅ ਵੀ ਪੇਸ਼ ਕਰਦੇ ਹਨ।

**ਆਓ ਵਿਚਾਰ ਕਰੀਏ:** ਮਾਡਲ ਤਿਆਰ ਦਿੱਤੀਆ ਗਈਆ ਗਤੀਵਿਧੀਆਂ ਵਿੱਚ ਕਿਹੜੇ ਮੁੱਦਿਆਂ ਨੂੰ ਸੰਬੋਧਿਤ ਕੀਤਾ ਗਿਆ ਹੈ? ਈ.ਵੀ.ਐਸ. ਪਾਠ-ਪੁਸਤਕਾਂ ਵਿੱਚ ਉਹਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰੋ ਕਿ ਇਹ ਧਾਰਨਾਵਾਂ ਅਤੇ ਮੁੱਦੇ ਉਪਰੋਕਤ ਗਤੀਵਿਧੀਆਂ ਵਿੱਚ ਦਿੱਤੇ ਗਏ ਹਨ। ਤੁਹਾਡੇ ਰਾਜ ਦੇ ਪਾਠਕ੍ਰਮ ਵਿੱਚ ਇਹਨਾਂ ਨਾਲ ਕਿਵੇਂ ਨਿਜਿੱਠਿਆ ਗਿਆ ਹੈ।ਉਪਰੋਕਤ ਗਤੀਵਿਧੀਆਂ ਵਿਚੋਂ ਕਿਹੜੇ ਸਿੱਖਣ ਦੇ ਪ੍ਰਤੀਫ਼ਲ ਹਨ? ਤੁਸੀਂ ਹੇਠ ਲਿਖੇ ਬਾਰੇ ਕੀ ਸੋਚਦੇ ਹੋ?

## ਸਿੱਖਣ ਦੇ ਪ੍ਰਤੀਫਲ

ਜਲ ਸਰੋਤ ਅਤੇ ਜਲ ਭੰਡਾਰਣ ਵਸਤਾਂ ਨੂੰ ਪਹਿਚਾਨਣਾ।

ਘਰ ਅਤੇ ਆਸ-ਪਾਸ ਪਾਣੀ ਦੀ ਜਰੂਰਤ ਅਤੇ ਉਪੱਲਬਧਤਾ ਦਾ ਵਰਣਨ ਕਰਨਾ ।

ਪਾਣੀ ਲਿਆਉਣ ਅਤੇ ਭੰਡਾਰ ਕਰਨ ਵਿੱਚ ਪਰਿਵਾਰ ਦੀ ਭੂਮਿਕਾ।

ਇੰਦਰੀਆਂ ਦਾ ਪ੍ਰਯੋਗ ਕਰਕੇ ਵੱਖ-ਵੱਖ ਵਸਤੂਆਂ ਦੇ ਤੈਰਨ ਜਾਂ ਡੁੱਬਣ।

ਘੁਲਣਸ਼ੀਲ ਜਾਂ ਅਘੁਲਣਸ਼ੀਲ ਹੋਣ ਦਾ ਪਤਾ ਲਗਾਉਣਾ।

ਵਸਤੂਆਂ ਅਤੇ ਗਤੀਵਿਧੀਆਂ ਵਿੱਚ ਅੰਤਰ ਪਤਾ ਕਰਨਾ।

ਚਿੱਤਰ, ਰੂਪਰੇਖਾ, ਮਾਡਲ, ਨਕਸ਼ੇ, ਕਵਿਤਾ, ਨਾਰੇ ਬਣਾਉਣਾ।

ਪਾਣੀ ਦਾ ਉਪਯੋਗ ਕਰਨ ਵਿੱਚ ਸਮਾਜਿਕ ਭੇਦ-ਭਾਵ ਪੂਰਨ ਪ੍ਰਥਾਵਾਂ ਤੇ ਵਿਚਾਰ ਕਰਨਾ।

## ਈ.ਵੀ.ਐਸ. ਵਿੱਚ ਐਸ.ਆਰ.ਜੀ. ਦੇ ਲਈ ਗਤੀਵਿਧੀਆਂ

ਇਸ ਭਾਗ ਵਿੱਚ ਵਿਸ਼ੇ ਦੀ ਗਹਿਰੀ ਸਮਝ ਹਾਸਿਲ ਕਰਨ ਸੰਬੰਧੀ ਗਤੀਵਿਧੀਆਂ ਸ਼ਾਮਲ ਹਨ। ਤੁਸੀਂ ਆਪਣੀ ਜਮਾਤ ਵਿੱਚ ਬੱਚਿਆਂ ਦੀ ਉਮਰ, ਯੋਗਤਾ ਅਨੁਸਾਰ ਗਤੀਵਿਧੀਆਂ ਬਣਾਉਣ ਦੇ ਯੋਗ ਹੋਵੋਗੇ। ਗਤੀਵਿਧੀਆਂ, ਸਮੂਹ ਬਣਾ ਕੇ ਕੀਤੀਆਂ ਜਾ ਸਕਦੀਆਂ ਹਨ। ਹਰੇਕ ਸਮੂਹ ਦੁਆਰਾ ਪੇਸ਼ਕਾਰੀ ਦਿੱਤੀ ਜਾ ਸਕਦੀ ਹੈ।

1. ਕਿਸੇ ਵੀ ਹੋਰ ਵਿਸ਼ੇ ਲਈ' ਮਾਇੰਡ ਮੈਪਿੰਗ' ਬਣਾਓ।
2. ਚੋਣ ਕੀਤੇ ਵਿਸ਼ੇ ਤੇ ਇੱਕ ਇਕਾਈ ਯੋਜਨਾ ਵਿਕਸਿਤ ਕਰੋ।
3. ਈ.ਵੀ.ਐਸ. ਪਾਠ-ਪੁਸਤਕਾਂ ਵਿੱਚ ਭੋਜਨ, ਯਾਤਰਾ ਵਰਗੇ ਵਿਸ਼ਿਆਂ ਦੇ ਲਈ ਸਮੂਹ ਪਰਿਯੋਜਨਾ ਤਿਆਰ ਕਰੋ।
4. ਆਪਣੇ ਰਾਜ/ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਈ.ਵੀ.ਐਸ. ਪਾਠ -ਪੁਸਤਕ ਦਾ ਵਿਸ਼ਲੇਸ਼ਨ ਕਰੋ।
5. ਈ.ਵੀ.ਐਸ. ਵਿਸ਼ੇ ਨੂੰ ਕਿਵੇਂ ਸਮੇਂ ਦਾ ਹਾਣੀ ਬਣਾਇਆ ਜਾ ਸਕਦਾ ਹੈ?
6. ਈ.ਵੀ.ਐਸ. ਪਾਠ-ਪੁਸਤਕਾਂ ਦੇ ਵਿਸ਼ਿਆਂ ਦੀ ਚੋਣ ਕਰੋ।
7. ਕੁਝ ਉਮਰ ਅਨੁਸਾਰ ਗਤੀਵਿਧੀਆਂ ਤਿਆਰ ਕਰੋ ਜਿਥੇ ਬੱਚੇ ਨੂੰ ਵਿਗਿਆਨਿਕ ਸਮਝ ਦਾ ਪਤਾ ਲੱਗ ਸਕੇ।
8. ਈ.ਵੀ.ਐਸ. ਵਿਸ਼ੇ ਵਿੱਚ ਕਲਾ ਨੂੰ ਸਮਲਿਤ ਕਰੋ।
9. ਪ੍ਰਾਇਮਰੀ ਪੱਧਰ ਤੇ ਈ.ਵੀ.ਐਸ. ਪਾਠਕ੍ਰਮ ਵਿੱਚ ਆਡਿਓ/ਵੀਡੀਓ ਸਮੱਗਰੀ ਦਾ ਪਤਾ ਲਗਾਓ
10. ਈ.ਵੀ.ਐਸ. ਪਾਠ-ਪੁਸਤਕ ਵਿੱਚ ਕਿਸੇ ਇੱਕ ਅਧਿਆਇ ਦੀ ਚੋਣ ਕਰੋ ਅਤੇ ਇਸ ਸੰਬੰਧੀ ਆਪਣੇ ਸੁਝਾਅ ਦਿਓ।

**ਭਾਗੀਦਾਰਾਂ ਦੁਆਰਾ ਈ.ਵੀ.ਐਸ ਦੇ ਸਿੱਖਣ ਅਤੇ ਅਧਿਗਮ ਬਾਰੇ ਪੁਸ਼ਟੀ**

ਹਰੇਕ ਸਮੂਹ ਦੇ ਅਧਿਆਪਕਾਂ ਵਿੱਚ ਸਮੂਹਾਂ ਦੀ ਉਚਿੱਤ ਸੰਖਿਆ ਦਾ ਗਠਨ ਕੀਤਾ ਜਾ ਸਕਦਾ ਹੈ। ਹਰੇਕ ਸਮੂਹ ਨੂੰ ਕਲਾਸਾ ਦਿਉ।

| ਲੜੀ ਨੰ: | ਅਧਿਆਪਕ ਜਿਸ ਕਲਾਸ ਨੂੰ ਪੜ੍ਹਾਉਂਦਾ ਹੈ। | ਵਿਸ਼ਾ ਪੜ੍ਹਾਉਣ ਵਿੱਚ ਉਹ ਜੋ ਸਿੱਖਣ ਸਮੱਗਰੀ ਦਾ ਉਪਯੋਗ ਕਰਦਾ ਹੈ। | ਕਿਸੇ ਵਿਸ਼ੇਸ ਸਿੱਖਣ ਤਕਨੀਕ ਨੂੰ ਅਪਣਾਉਣ ਲਈ ਉਹ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਣਾ ਹੈ। | ਈ.ਵੀ.ਐਸ. ਪੜ੍ਹਾਉਂਦੇ ਸਮੇਂ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਹੈ। | ਬੱਚਿਆਂ ਦਾ ਮੁਲਾਂਕਣ ਕਿਵੇਂ ਕਰਦਾ ਹੈ। | ਆਪਣੀ ਜਮਾਤ ਨੂੰ ਸਮਾਵੇਸ਼ੀ ਬਣਾਉਣ ਲਈ ਕਿ ਕਰਦਾ ਹੈ। | ਕੋਈ ਹੋਰ ਟਿੱਪਣੀ |
|---|---|---|---|---|---|---|---|
| | | | | | | | |

ਸਮੂਹ ਵਿੱਚ ਅਧਿਆਪਕ ਆਪਣੇ ਅਨੁਭਵਾਂ ਤੇ ਚਰਚਾ ਕਰ ਸਕਾਦ ਹੈ।ਇਹਨਾਂ ਅਨੁਭਵਾਂ ਦਾ ਉਪਯੋਗ ਈ.ਵੀ.ਐਸ. ਵਿਸ਼ੇ ਨੂੰ ਪੜ੍ਹਾਉਣ ਲਈ ਉਚਿਤ ਵਾਤਾਵਰਣ ਪੈਦਾ ਕਰਨ ਲਈ ਕਰ ਸਕਦਾ ਹੈ।